Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 131 | Friday, July 02, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



**ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਕੈਨੇਡਾ ਵਾਸੀਆਂ, ਸਾਰੇ ਕਾਰੋਬਾਰੀਆਂ ਅਤੇ ਪਾਠਕਾਂ ਨੂੰ ਕੈਨੇਡਾ ਡੇਅ ਦੀਆਂ ਬਹੁਤ-ਬਹੁਤ ਮੁਬਾਰਕਾਂ।**

# ਲਿਟਨ ਵਿੱਚ ਲਗੀ ਜ਼ਬਰਦਸਤ ਅੱਗ, ਸਾਰਾ ਪਿੰਡ ਸੜ ਕੇ ਹੋਇਆ ਸੁਆਹ

ਵੈਨਕੂਵਰ, 1 ਜੁਲਾਈ (ਪੋਸਟ ਬਿਊਰੋ) : ਬੀਸੀ ਦੇ ਨਿੱਕੇ ਜਿਹੇ ਪਿੰਡ ਲਿਟਨ ਵਿੱਚ ਲੱਗੀ ਅੱਗ ਕਾਰਨ ਬੁੱਧਵਾਰ ਸ਼ਾਮ ਨੂੰ ਲੋਕਾਂ ਨੂੰ ਆਪਣੇ ਘਰ ਛੱਡ ਕੇ ਭੱਜਣਾ ਪਿਆ। ਇਸ ਦੌਰਾਨ ਪ੍ਰੋਵਿੰਸ ਦੇ ਸੌਲੀਸਿਟਰ ਜਨਰਲ ਦਾ ਕਹਿਣਾ ਹੈ ਕਿ ਅਜੇ ਵੀ ਕੁੱਝ ਲੋਕ ਮਿਲ ਨਹੀਂ ਰਹੇ।

ਵੀਰਵਾਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਮਾਈਕ ਫਾਰਨਵਰਥ ਨੇ ਲਿਟਨ ਵਿੱਚ ਲੱਗੀ ਇਸ ਅੱਗ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਗ ਕਾਫੀ ਤੇਜ਼ੀ ਨਾਲ ਲੱਗੀ ਤੇ 1000 ਦੇ ਨੇੜੇ ਤੇੜੇ ਲੋਕਾਂ ਨੇ ਫਟਾਫਟ ਘਰ ਵੀ ਖਾਲੀ ਕਰ ਦਿੱਤੇ। ਅੱਗ ਦੁਪਹਿਰ ਨੂੰ ਲੱਗੀ ਤੇ ਸ਼ਾਮ ਤੱਕ ਮੇਅਰ ਨੇ ਸਾਰਾ ਪਿੰਡ ਖਾਲੀ ਕਰਨ ਦਾ ਹੁਕਮ ਵੀ ਜਾਰੀ ਕਰ ਦਿੱਤਾ। ਲਿਟਨ, ਬੀਸੀ ਦੇ ਫਰੇਜ਼ਰ ਕੈਨਿਅਨ ਏਰੀਆ ਵਿੱਚ ਕੈਮਲੂਪਸ ਤੋਂ ਦੋ ਘੰਟੇ ਦੀ ਡਰਾਈਵ ਤੇ



ਵੈਨਕੂਵਰ ਤੋਂ ਤਿੰਨ ਘੰਟੇ ਦੀ ਡਰਾਈਵ ਉੱਤੇ ਸਥਿਤ ਹੈ।

ਸਥਾਨਕ ਵਾਸੀ ਸ਼ੈਰੀ ਡਰਾਇਨੌਕ ਨੇ ਆਖਿਆ ਕਿ ਸਾਡੇ ਕੋਲ ਸਿਰਫ 20 ਮਿੰਟ ਦਾ ਸਮਾਂ ਸੀ, ਇਸ ਲਈ ਸਾਡੇ ਹੱਥ ਜੋ ਲੱਗਿਆ ਅਸੀਂ ਪੈਕ ਕੀਤਾ ਤੇ ਉੱਥੋਂ ਨਿਕਲ ਪਏ। ਆਰਸੀਐਮਪੀ ਅਧਿਕਾਰੀਆਂ ਨੇ ਘਰ ਘਰ ਜਾ ਕੇ ਲੋਕਾਂ ਨੂੰ ਉੱਥੋਂ ਜਾਣ ਲਈ ਆਖਿਆ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਦਸੰਬਰ ਤੋਂ ਘੱਟ ਤੋਂ ਘੱਟ ਫੈਡਰਲ ਉਜਰਤ ਹੋਵੇਗੀ 15 ਡਾਲਰ ਪ੍ਰਤੀ ਘੰਟਾ



ਪੰਨਾ 03

ਸੁਖਬੀਰ ਸਿੰਘ ਬਾਦਲ, ਵਿਰਸਾ ਵਲਟੋਹਾ, ਬੋਨੀ ਅਜਨਾਲਾ ਤੇ ਹੋਰਨਾਂ ਦੇ ਖਿਲਾਫ ਉਲਟਾ ਕੇਸ ਦਰਜ



ਪੰਨਾ 04

# ਯੂਨੀਵਰਸਿਟੀ ਹਾਈਟਸ ਨੇੜੇ ਹੋਈ ਸ਼ੱਕੀ ਮੌਤ ਦੀ ਪੁਲਿਸ ਕਰ ਰਹੀ ਹੈ ਜਾਂਚ

ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਯੂਨੀਵਰਸਿਟੀ ਹਾਈਟਸ ਏਰੀਆ ਵਿੱਚ ਹੋਈ ਸ਼ੱਕੀ ਮੌਤ ਦੀ ਪੁਲਿਸ ਜਾਂਚ ਕਰ ਰਹੀ ਹੈ।

ਇੱਕ ਗੱਡੀ ਵਿੱਚ ਬੇਸੁੱਧ ਪਏ ਵਿਅਕਤੀ ਦੇ ਮਿਲਣ ਤੋਂ ਬਾਅਦ ਪੁਲਿਸ ਨੂੰ ਸਵੇਰੇ 11:40 ਦੇ ਨੇੜੇ ਤੇੜੇ ਕੀਲ ਸਟਰੀਟ ਤੇ ਫੋਰ ਵਿੰਡਜ਼ ਡਰਾਈਵ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਉਸ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਮਾਮਲੇ ਦੀ ਜਾਂਚ ਹੋਮੀਸਾਈਡ ਯੂਨਿਟ ਵੱਲੋਂ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਰੱਖਣ ਵਾਲੇ ਨੂੰ ਸਿੱਧੇ ਤੌਰ ਉੱਤੇ ਪੁਲਿਸ ਨਾਲ




ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਕੈਂਸਲ ਕੈਨੇਡਾ ਡੇਅ ਰੈਲੀ ਵਿੱਚ ਹਜ਼ਾਰਾਂ ਲੋਕਾਂ ਨੇ ਲਿਆ ਹਿੱਸਾ

ਓਟਵਾ, 1 ਜੁਲਾਈ (ਪੋਸਟ ਬਿਊਰੋ) : ਪਹਿਲੀ ਜੁਲਾਈ ਨੂੰ ਡਾਊਨਟਾਊਨ ਓਟਵਾ ਵਿੱਚ ਪਾਰਲੀਆਮੈਂਟ ਹਿੱਲ ਉੱਤੇ ਲਾਲ ਤੇ ਚਿੱਟੇ ਰੰਗ ਦੀਆਂ ਸ਼ਰਟਸ ਦੀ ਥਾਂ ਉੱਤੇ ਲੋਕ ਸੰਤਰੀ ਰੰਗ ਦੀਆਂ ਸ਼ਰਟਸ ਪਾ ਕੇ ਪਹੁੰਚੇ। ਇਸ ਦੌਰਾਨ ਤਿੰਨ ਰੈਜ਼ੀਡੈਂਸ਼ੀਅਲ ਸਕੂਲਾਂ ਨੇੜਿਓਂ ਮਿਲੀਆਂ ਵਿਦਿਆਰਥੀਆਂ ਦੀਆਂ ਕਬਰਾਂ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਕੈਨੇਡਾ ਡੇਅ ਦੇ ਜਸ਼ਨਾਂ ਨੂੰ ਰੱਦ ਕਰਨ ਦੀ ਮੰਗ ਵੀ ਕੀਤੀ।

ਵੀਰਵਾਰ ਨੂੰ ਗੈਟੀਨਿਊ ਸਥਿਤ ਇੰਡੀਜੀਨਸ ਸਰਵਿਸਿਜ਼ ਕੈਨੇਡਾ ਦੀ ਬਿਲਡਿੰਗ ਤੋਂ ਲੈ ਕੇ ਪਾਰਲੀਆਮੈਂਟ ਹਿੱਲ ਤੱਕ ਦੇ ਮਾਰਚ ਦਾ ਆਯੋਜਨ ਐਨਿਸ਼ਨਾਬੇ ਨੇਸ਼ਨ ਤੇ ਇੰਡੀਜੀਨਸ ਲੋਕਾਂ ਦੇ ਅਧਿਕਾਰਾਂ ਲਈ ਲੜਨ ਵਾਲੇ ਗਰੁੱਪ ਆਈਡਲ ਨੋ ਮੋਰ ਵੱਲੋਂ ਕੀਤਾ ਗਿਆ ਸੀ। ਆਪਣੀ ਵੈੱਬਸਾਈਟ ਉੱਤੇ ਆਈਡਲ ਨੋ ਮੋਰ ਨੇ ਆਖਿਆ ਕਿ ਇਹ ਰੈਲੀ ਕੈਨੇਡੀਅਨ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਗਈਆਂ



ਸੈਂਕੜੇ ਬੱਚਿਆਂ ਦੀਆਂ ਜਾਨਾਂ ਦੇ ਸਨਮਾਨ ਵਿੱਚ ਕੱਢੀ ਗਈ। ਫੇਸਬੁੱਕ ਉੱਤੇ ਇੱਕ ਬਿਆਨ ਵਿੱਚ ਆਖਿਆ ਗਿਆ ਕਿ ਅਸੀਂ ਕੈਨੇਡਾ ਵਿੱਚ ਇੰਡੀਜੀਨਸ ਲੋਕਾਂ ਦੀ ਹੋ ਰਹੀ ਨਸਲਕੁਸ਼ੀ ਦੇ ਜਸ਼ਨ ਨਹੀਂ ਮਨਾਂਵਾਂਗੇ।

ਪਾਰਲੀਆਮੈਂਟ ਹਿੱਲ ਵੱਲ ਜਾਣ ਵਾਲੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਸੰਤਰੀ ਰੰਗ ਦੀਆਂ ਸ਼ਰਟਸ ਪਾਈਆਂ ਹੋਈਆਂ ਸਨ ਤੇ ਉਹ ਕੈਨੇਡਾ ਸ਼ਰਮ ਕਰੋ, ਨਸਲਕੁਸ਼ੀ ਕੋਈ ਮਾਣ ਵਾਲੀ ਗੱਲ ਨਹੀਂ, ਉਨ੍ਹਾਂ ਨੂੰ ਘਰ ਲਿਆਓ ਵਰਗੇ ਨਾਅਰੇ ਲਾ ਰਹੇ ਸਨ। ਪੀਸ ਟਾਵਰ ਤੇ ਓਟਵਾ ਦੀਆਂ ਇਮਾਰਤਾਂ ਉੱਤੇ ਲੱਗੇ ਕੈਨੇਡੀਅਨ ਝੰਡੇ ਸਸਕੈਚਵਨ ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਰੈਜ਼ੀਡੈਂਸੀਅਲ ਸਕੂਲਾਂ ਦੀਆਂ ਇਮਾਰਤਾਂ ਦੇ ਬਾਹਰ ਮਿਲੀਆਂ ਇੰਡੀਜੀਨਸ ਬੱਚਿਆਂ ਦੀਆਂ ਕਬਰਾਂ ਦੇ ਸੰਦਰਭ ਵਿੱਚ ਅੱਧੇ ਝੁਕੇ ਹੋਏ ਸਨ। ਡਾਊਨਟਾਊਨ ਓਟਵਾ ਤੇ ਗੈਟਿਨਿਊ ਵਿੱਚ ਇਸ ਰੈਲੀ ਕਾਰਨ ਸੜਕਾਂ ਬੰਦ ਰੱਖੀਆਂ ਗਈਆਂ। ਕੈਂਸਲ ਕੈਨੇਡਾ ਡੇਅ ਮਾਰਚ ਤੇ ਰੈਲੀਆਂ ਦੇਸ਼ ਭਰ ਵਿੱਚ ਕਈ ਥਾਂਈਂ ਕੱਢੀਆਂ ਗਈਆਂ।

# ਓਨਟਾਰੀਓ ਵਿੱਚ ਸਟੰਟ ਡਰਾਈਵਿੰਗ ਕਰਨ ਵਾਲਿਆਂ ਨੂੰ ਹੋਣਗੇ ਸਖ਼ਤ ਜੁਰਮਾਨੇ

ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਮੂਵਿੰਗ ਓਨਟਾਰੀਅਨਜ਼ ਮੋਰ ਸੇਫਲੀ ਐਕਟ ਤਹਿਤ ਕੀਤੀਆਂ ਗਈਆਂ ਤਬਦੀਲੀਆਂ ਪਹਿਲੀ ਜੁਲਾਈ ਤੋਂ ਲਾਗੂ ਹੋ ਗਈਆਂ।

ਓਨਟਾਰੀਓ ਦੀਆਂ ਕੁੱਝ ਸੜਕਾਂ ਉੱਤੇ ਡਰਾਈਵਰ ਮਿਥੀ ਗਈ ਸਪੀਡ ਦੀ ਹੱਦ ਨਾਲੋਂ ਕਿੰਨੀ ਵੱਧ ਸਪੀਡ ਨਾਲ ਡਰਾਈਵ ਕਰਨ ਨੂੰ ਸਟੰਟ ਡਰਾਈਵਿੰਗ ਮੰਨਿਆਂ ਜਾਵੇਗਾ ਇਸ ਨੂੰ ਵੀ ਇਸ ਐਕਟ ਵਿੱਚ ਸ਼ਾਮਲ ਕੀਤਾ ਗਿਆ ਹੈ। ਵੀਰਵਾਰ ਤੋਂ ਜੇ ਕੋਈ 80 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਤੋਂ ਘੱਟ ਮਿਥੀ ਗਈ ਸਪੀਡ ਦੀ ਹੱਦ ਉੱਤੇ 40 ਕਿਲੋਮੀਟਰ ਪ੍ਰਤੀ ਘੰਟਾ ਜਾਂ ਮਿਥੀ ਗਈ ਸਪੀਡ ਦੀ ਹੱਦ ਤੋਂ ਵੱਧ ਉੱਤੇ ਡਰਾਈਵ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਸਟੰਟ ਡਰਾਈਵਿੰਗ ਮੰਨਿਆ ਜਾਵੇਗਾ ਤੇ ਇਸ ਸਬੰਧ ਵਿੱਚ ਉਸ ਉੱਤੇ ਚਾਰਜਿਜ਼ ਵੀ ਲਾਏ ਜਾਣਗੇ।

ਉਨ੍ਹਾਂ ਸੜਕਾਂ ਜਾਂ ਹਾਈਵੇਅਜ਼, ਜਿੱਥੇ ਸਪੀਡ ਲਿਮਿਟ 80 ਕਿਲੋਮੀਟਰ ਪ੍ਰਤੀ ਘੰਟਾ ਜਾਂ ਇਸ ਤੋਂ ਵੱਧ ਹੈ, ਲਈ ਵੀ ਇਹ ਨਿਯਮ ਇਹੀ ਰਹਿਣਗੇ। ਸਟੰਟ



ਡਰਾਈਵਿੰਗ ਕਰਨ ਵਾਲੇ ਡਰਾਈਵਰਜ਼ ਨੂੰ ਹੁਣ ਸਖ਼ਤ ਜੁਰਮਾਨੇ ਕੀਤੇ ਜਾਣਗੇ। ਸਬੰਧਤ ਡਰਾਈਵਰ ਦਾ ਲਾਇਸੰਸ 30 ਦਿਨਾਂ ਲਈ ਰੱਦ ਕਰ ਦਿੱਤਾ ਜਾਵੇਗਾ ਤੇ 14 ਦਿਨਾਂ ਲਈ ਉਸ ਦੀ ਗੱਡੀ ਵੀ ਜ਼ਬਤ ਕਰ ਲਈ ਜਾਵੇਗੀ। ਇਸ ਤੋਂ ਪਹਿਲਾਂ ਇਹ ਜੁਰਮਾਨਾ ਇੱਕ ਹਫਤਾ ਸੀ। ਸਟੰਟ ਡਰਾਈਵਿੰਗ ਕਰਨ ਵਾਲਿਆਂ ਲਈ ਓਨਟਾਰੀਓ ਸਰਕਾਰ ਦੋਸ਼ੀ ਪਾਏ ਜਾਣ ਤੋਂ ਬਾਅਦ ਵੀ ਲਾਇਸੰਸ ਸਸਪੈਂਡ ਕਰਨ ਬਾਰੇ ਨਵੇਂ ਨਿਯਮ ਪੇਸ਼ ਕਰ ਰਹੀ ਹੈ :

- ਪਹਿਲੀ ਵਾਰੀ ਕਸੂਰਵਾਰ ਪਾਏ ਜਾਣ ਉੱਤੇ ਘੱਟ ਤੋਂ ਘੱਟ ਇੱਕ ਤੋਂ ਤਿੰਨ ਸਾਲ ਲਈ
- ਦੂਜੀ ਵਾਰੀ ਕਸੂਰਵਾਰ ਪਾਏ ਜਾਣ ਉੱਤੇ ਘੱਟ ਤੋਂ ਘੱਟ ਤਿੰਨ ਸਾਲ ਤੋਂ 10 ਸਾਲ ਲਈ
- ਤੀਜੀ ਵਾਰੀ ਕਸੂਰਵਾਰ ਪਾਏ ਜਾਣ ਉੱਤੇ ਜ਼ਿੰਦਗੀ ਭਰ ਲਈ ਲਾਇਸੰਸ ਸਸਪੈਂਡ ਹੋ ਸਕਦਾ ਹੈ ਜਿਸ ਨੂੰ ਕਿ ਬਾਅਦ ਵਿੱਚ ਨਿਯਮਾਂ ਮੁਤਾਬਕ ਘਟਾਇਆ ਵੀ ਜਾ ਸਕਦਾ ਹੈ
- ਚੌਥੀ ਵਾਰੀ ਕਸੂਰਵਾਰ ਪਾਏ ਜਾਣ ਉੱਤੇ ਜ਼ਿੰਦਗੀ ਭਰ ਲਈ ਲਾਇਸੰਸ ਸਸਪੈਂਡ ਕੀਤਾ ਜਾ ਸਕਦਾ ਹੈ।

ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਵੀਰਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਆਖਿਆ ਕਿ ਉਹ ਇਨ੍ਹਾਂ ਸਟੰਟ ਡਰਾਈਵਿੰਗ ਲਾਅਜ਼ ਵਿੱਚ ਕੀਤੀਆਂ ਤਬਦੀਲੀਆਂ ਦਾ ਸਮਰਥਨ ਕਰਦੇ ਹਨ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor



# JULY 1ST HAPPY Canada Day

## Amarjot Sandhu, MPP
## Brampton West

Queen's Park Office:
Rm. 261/262, Legislative Bldg.
Queen's park
Toronto, ON M7A 1A8
Tel: 416-326-6903
Email: amarjot.sandhu@pc.ola.org

Constituency Office:
10 Gillingham Drive
Unit 309, Brampton, ON L6X 0G6
Tel: 905-595-1532

---



Other Realtors only Promise
But JAG AUJLA SOLD YOUR HOME WITH
**GUARANTEE**

Advertisement GUARANTEED Till SOLD

Top 1% Ranked Broker
**Call For a Quick & Free Home Evaluation**
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

# JAG AUJLA
REAL ESTATE BROKER

DIR: **416-371-7777**
j.aujla@rogers.com www.jagaujla.com

RE/MAX Realty Specialist Inc., Brokerage (Independently Owned and Operated)
Off: 905-456-3232
www.BramptonTopRelator.com

**ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ**

### CALEDON




**ਕੈਨੇਡੀ / ਦੂੱਗਲ**

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਂਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

### BRAMPTON



**$749,905**

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

### BRAMPTON



$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

### BRAMPTON



**$1,299,905**

ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡ-ਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੌਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

### BRAMPTON



**CREDITVIEW & BOVAIRD**

(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777



**Orangeville Ontario L9W3X5**

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

---

Chapel Ridge
FUNERAL HOME
& CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



## 2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: **ਹਰਜਿੰਦਰ ਸਿੰਘ ਬਿਲਖੂ**
**647-966-0093**
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com

SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਵੈਂਸ ਨਾਲ ਗੌਲਫ ਖੇਡਣ ਵਾਲੇ ਨੇਵੀ ਕਮਾਂਡਰ ਨੂੰ ਅਹੁਦੇ ’ਤੇ ਬਣੇ ਰਹਿਣ ਦੇਣ ਦੇ ਫੈਸਲੇ ਤੋਂ ਫਰੀਲੈਂਡ ਪਰੇਸ਼ਾਨ

ਓਟਵਾ, 1 ਜੁਲਾਈ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਉਹ ਇਸ ਗੱਲ ਨੂੰ ਲੈ ਕੇ ਕਾਫੀ ਹੈਰਾਨ ਪਰੇਸ਼ਾਨ ਹੈ ਕਿ ਕਾਰਜਕਾਰੀ ਡਿਫੈਂਸ ਚੀਫ ਨੇ ਜਨਰਲ ਜੌਨਾਥਨ ਵੈਂਸ ਨਾਲ ਗੌਲਫ ਗੇਮ ਖੇਡਣ ਵਾਲੇ ਰੌਇਲ ਕੈਨੇਡੀਅਨ ਨੇਵੀ ਦੇ ਹੈੱਡ ਵਾਈਸ ਐਡਮਿਰਲ ਕ੍ਰੇਗ ਬੇਨਜ਼ ਨੂੰ ਆਪਣੇ ਅਹੁਦੇ ਉੱਤੇ ਬਣੇ ਰਹਿਣ ਦੀ ਇਜਾਜ਼ਤ ਦਿੱਤੀ ਹੈ।

ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਜੇ ਉਹ ਫੌਜ ਵਿੱਚ ਹੁੰਦੀ ਤਾਂ ਉਸ ਨੂੰ ਇਹ ਕਦਮ ਬਹੁਤ ਮਾੜਾ ਲੱਗਦਾ ਤੇ ਹੁਣ ਵੀ ਲੱਗ ਰਿਹਾ ਹੈ। ਉਨ੍ਹਾਂ ਆਖਿਆ ਕਿ ਸੱਭ ਤੋਂ ਪਹਿਲਾਂ ਉਨ੍ਹਾਂ ਨੂੰ ਇਹੋ ਖਿਆਲ ਆਇਆ ਕਿ ਸਾਡੀ ਫੌਜ ਵਿੱਚ ਜਿਹੜੀਆਂ ਕੈਨੇਡੀਅਨ ਮਹਿਲਾਵਾਂ ਹਨ ਉਨ੍ਹਾਂ ਨੂੰ ਇਸ ਫੈਸਲੇ ਤੋਂ ਕਿਹੋ ਜਿਹਾ ਮਹਿਸੂਸ ਹੋਇਆ ਹੋਵੇਗਾ। ਉਨ੍ਹਾਂ ਨੂੰ ਇਹ ਲੱਗਿਆ ਹੋਵੇਗਾ ਕਿ ਕੈਨੇਡੀਅਨ ਆਰਮਡ ਫੋਰਸਿਜ਼ ਵਿਚਲੇ ਕਲਚਰ ਨੂੰ ਬਦਲਣ ਲਈ ਉਨ੍ਹਾਂ ਦੇ ਬੌਸ ਕਿੰਨੀ ਗੰਭੀਰਤਾ ਨਾਲ ਇਹੋ ਜਿਹੇ ਮਾਮਲਿਆਂ ਵਿੱਚ ਫੈਸਲੇ ਲੈਂਦੇ ਹਨ।

ਜ਼ਿਕਰਯੋਗ ਹੈ ਕਿ ਕੈਨੇਡੀਅਨ ਆਰਮਡ ਫੋਰਸਿਜ਼ ( ਸੀ ਏ ਐਫ) ਦੇ ਮੈਂਬਰਜ਼ ਨੂੰ ਜਾਰੀ ਕੀਤੇ ਮੀਮੋ ਵਿੱਚ





ਲੈਫਟੀਨੈਂਟ ਜਨਰਲ ਵੇਅਨ ਆਇਰ ਨੇ ਲਿਖਿਆ ਹੈ ਕਿ ਵੈਂਸ, ਬੇਨਜ਼ ਤੇ ਲੈਫਟੀਨੈਂਟ ਜਨਰਲ ਮਾਈਕਲ ਰੂਲੋ ਦਰਮਿਆਨ ਜਿਹੜੀ ਗੌਲਫ ਗੇਮ ਜੂਨ ਦੇ ਸ਼ੁਰੂ ਵਿੱਚ ਖੇਡੀ ਗਈ ਉਸ ਬਾਰੇ ਉਨ੍ਹਾਂ ਨੇ ਬਹੁਤ ਗੰਭੀਰਤਾ ਨਾਲ ਕਈ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਤੇ ਇਸ ਫੈਸਲੇ ਉੱਤੇ ਪਹੁੰਚੇ ਹਾਂ ਕਿ ਅਜਿਹਾ ਕਰਨਾ ਉਨ੍ਹਾਂ ਅਧਿਕਾਰੀਆਂ ਦਾ ਗਲਤ ਫੈਸਲਾ ਸੀ।

ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿੱਚ ਗੂੜ੍ਹ ਵਿਚਾਰ ਕਰਨ ਤੋਂ ਬਾਅਦ ਇਹੋ ਸਾਹਮਣੇ ਆਇਆ ਕਿ ਇਸ ਸੱਭ ਪਿੱਛੇ ਗਲਤ ਇਰਾਦਾ ਜਾਂ ਸੋਚ ਸਮਝ ਕੇ ਚੁੱਕਿਆ ਗਿਆ ਕਦਮ ਨਹੀਂ ਸੀ। ਸਾਨੂੰ ਇਸ ਨੂੰ ਆਪਣੀ ਗਲਤੀ ਤੋਂ ਸਬਕ ਲੈਣ ਦੇ ਮੌਕੇ ਵਜੋਂ ਵੇਖਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਹ ਜਾਣਦੇ ਹਨ ਕਿ ਹਰ ਕੋਈ ਇਸ ਫੈਸਲੇ ਤੋਂ ਸਹਿਮਤ ਨਹੀਂ ਹੋਵੇਗਾ।

ਅੱਗੇ ਆਖਿਆ ਗਿਆ ਹੈ ਕਿ ਸਾਰੇ, ਖਾਸਤੌਰ ਉੱਤੇ ਸੀਨੀਅਰ ਲੀਡਰਜ਼, ਕੁੱਝ ਅਜਿਹੇ ਗਲਤ ਫੈਸਲੇ ਕਰਦੇ ਹਨ ਜਿਨ੍ਹਾਂ ਦੀ ਕੋਈ ਭਰਪਾਈ ਨਹੀਂ ਹੁੰਦੀ, ਪਰ ਕੁੱਝ ਹੋਰ ਅਜਿਹੀਆਂ ਗਲਤੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਮੁਆਫ ਕੀਤਾ ਜਾ ਸਕਦਾ ਹੈ ਤੇ ਜਿਨ੍ਹਾਂ ਤੋਂ ਸਬਕ ਲਿਆ ਜਾ ਸਕਦਾ ਹੈ।ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਲੋਕ ਆਪਣੀਆਂ ਗਲਤੀਆਂ ਤੋਂ ਸਬਕ ਸਿੱਖਦੇ ਹਨ ਤੇ ਅੱਗੇ ਵੱਧਦੇ ਹਨ। ਜ਼ਿਕਰਯੋਗ ਹੈ ਕਿ ਰੂਲੋ, ਜੋ ਕਿ ਸਾਬਕਾ ਸੈਕਿੰਡ ਇਨ ਕਮਾਂਡ ਸਨ, ਨੇ 14 ਜੂਨ ਨੂੰ ਆਪਣਾ ਅਸਤੀਫਾ ਦਿੱਤਾ ਸੀ। ਬੇਨਜ਼ ਨੇ ਜਨਤਕ ਤੌਰ ਉੱਤੇ ਮੁਆਫੀ ਮੰਗੀ ਸੀ ਤੇ ਆਇਰ ਨੇ ਮੰਗਲਵਾਰ ਨੂੰ ਆਖਿਆ ਕਿ ਨੇਵੀ ਚੀਫ ਆਪਣੇ ਕੀਤੇ ਤੇ ਸ਼ਰਮਿੰਦਾ ਹੈ ਤੇ ਉਹ ਸਾਰੇ ਸਬੰਧਤ ਵਿਅਕਤੀਆਂ ਕੋਲ ਜਾ ਕੇ ਉਨ੍ਹਾਂ ਦਾ ਵਿਸ਼ਵਾਸ ਮੁੜ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਤਰ੍ਹਾਂ ਉਹ ਆਪਣੀਆਂ ਗਲਤੀਆਂ ਨੂੰ ਸੁਧਾਰ ਕੇ ਬਿਹਤਰ ਲੀਡਰ ਬਣਨਾ ਚਾਹੁੰਦਾ ਹੈ।

ਪਰ ਫਰੀਲੈਂਡ ਨੇ ਆਖਿਆ ਕਿ ਫੌਜ ਵਿਚਲੇ ਗਲਤ ਕਲਚਰ ਨੂੰ ਲੋਕ ਖਾਸ ਤੌਰ ਉੱਤੇ ਮਹਿਲਾਵਾਂ ਬਦਲਣਾ ਚਾਹੁੰਦੀਆਂ ਹਨ ਤੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕਰਨ ਵਾਲਿਆਂ ਖਿਲਾਫ ਕਾਰਵਾਈ ਦੀ ਉਮੀਦ ਕਰਦੀਆਂ ਹਨ। ਉਹ ਤਬਦੀਲੀ ਚਾਹੁੰਦੀਆਂ ਹਨ। ਫਰੀਲੈਂਡ ਦੀ ਇਸ ਪ੍ਰਤੀਕਿਰਿਆ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸੀਏਐਫ ਦੀ ਸੀਨੀਅਰ ਲੀਡਰਸ਼ਿਪ ਕੈਨੇਡੀਅਨਜ਼ ਦਾ ਭਰੋਸਾ ਗੁਆ ਚੁੱਕੀ ਹੈ।ਉਨ੍ਹਾਂ ਆਖਿਆ ਕਿ ਨਾ ਸਿਰਫ ਡਿਪਟੀ ਪ੍ਰਧਾਨ ਮੰਤਰੀ ਸਗੋਂ ਬਹੁਤ ਸਾਰੀਆਂ ਮਹਿਲਾਵਾਂ, ਜਿਨ੍ਹਾਂ ਨਾਲ ਉਨ੍ਹਾਂ ਗੱਲ ਕੀਤੀ ਹੈ ਉਹ ਇਸ ਸੱਭ ਕਾਸੇ ਤੋਂ ਨਿਰਾਸ਼ ਹਨ। ਇਸ ਤਰ੍ਹਾਂ ਦੇ ਕਲਚਰ ਨੂੰ ਜਲਦ ਤੋਂ ਜਲਦ ਬਦਲੇ ਜਾਣ ਦੀ ਲੋੜ ਹੈ।

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਦਸੰਬਰ ਤੋਂ ਘੱਟ ਤੋਂ ਘੱਟ ਫੈਡਰਲ ਉਜਰਤ ਹੋਵੇਗੀ 15 ਡਾਲਰ ਪ੍ਰਤੀ ਘੰਟਾ

ਓਟਵਾ, 1 ਜੁਲਾਈ (ਪੋਸਟ ਬਿਊਰੋ) : 29 ਦਸੰਬਰ, 2021 ਤੋਂ ਸ਼ੁਰੂ ਕਰਕੇ ਫੈਡਰਲ ਸਰਕਾਰ ਰਸਮੀ ਤੌਰ ਉੱਤੇ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ ਕਰਨ ਜਾ ਰਹੀ ਹੈ। ਇਸ ਨਾਲ ਘੱਟ ਤੋਂ ਘੱਟ ਫੈਡਰਲ ਉਜਰਤ 15 ਡਾਲਰ ਪ੍ਰਤੀ ਘੰਟਾ ਹੋ ਜਾਵੇਗੀ।



ਸਰਕਾਰ ਦੇ ਬਜਟ ਇੰਪਲੀਮੈਂਟੇਸ਼ਨ ਐਕਟ, 2021,ਨੰ:1 ਨੂੰ ਸ਼ਾਹੀ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਇਹ ਲਾਗੂ ਹੋ ਜਾਵੇਗਾ। ਇਹ ਫੈਡਰਲ ਪੱਧਰ ਉੱਤੇ ਨਿਯੰਤਰਿਤ ਪ੍ਰਾਈਵੇਟ ਸੈਕਟਰ, ਜਿਨ੍ਹਾਂ ਵਿੱਚ ਇੰਡਸਟਰੀਜ਼, ਜਿਵੇਂ ਕਿ ਬੈਂਕ, ਟੈਲੀਕਮਿਊਨਿਕੇਸ਼ਨਜ਼, ਰੇਡੀਓ ਤੇ ਟੈਲੀਵਿਜ਼ਨ ਬ੍ਰੌਡਕਾਸਟਿੰਗ ਸ਼ਾਮਲ ਹਨ, ਉੱਤੇ ਲਾਗੂ ਹੋਵੇਗਾ। ਇਸ ਨਾਲ ਦੇਸ਼ ਭਰ ਦੇ 26000 ਵਰਕਰਜ਼ ਨੂੰ ਫਾਇਦਾ ਹੋਵੇਗਾ।

ਫੈਡਰਲ ਸਰਕਾਰ ਵੱਲੋਂ ਉਜਰਤਾਂ ਵਿੱਚ ਇਹ ਵਾਧਾ ਅੰਸ਼ਕ ਤੌਰ ਉੱਤੇ ਕੋਵਿਡ-19 ਮਹਾਂਮਾਰੀ ਕਾਰਨ ਵੀ ਕਰਨ ਦੀ ਆਪਣੀ ਵਚਨਬੱਧਤਾ ਪੁਗਾਈ ਜਾ ਰਹੀ ਹੈ। ਬਜਟ ਵਿੱਚ ਸਰਕਾਰ ਨੇ ਆਖਿਆ ਹੈ ਕਿ ਮਹਾਂਮਾਰੀ ਨੇ ਉਨ੍ਹਾਂ ਅਸੈਂਸ਼ੀਅਲ ਵਰਕਰਜ਼ ਵੱਲੋਂ ਕੀਤੇ ਕੰਮ ਵੱਲ ਵੀ ਸੱਭ ਦਾ ਧਿਆਨ ਦਿਵਾਇਆ ਹੈ ਜਿਹੜਾ ਬਹੁਤੇ ਘੱਟ ਉਜਰਤਾਂ ਕਮਾਉਣ ਵਾਲੇ ਵਰਕਰਜ਼ ਵੱਲੋਂ ਕੀਤਾ ਗਿਆ ਹੈ।

ਲੇਬਰ ਮੰਤਰੀ ਫਿਲੋਮੈਨਾ ਤਾਸੀ ਦਾ ਕਹਿਣਾ ਹੈ ਕਿ ਹਜ਼ਾਰਾਂ ਮਿਹਨਤਕਸ਼ ਕੈਨੇਡੀਅਨਜ਼ ਨੂੰ ਇਸ ਨਾਲ ਫਾਇਦਾ ਹੋਵੇਗਾ ਤੇ ਇਸ ਤਬਦੀਲੀ ਨਾਲ ਉਨ੍ਹਾਂ ਦੀ ਉਜਰਤ ਪ੍ਰਤੀ ਘੰਟੇ 15 ਡਾਲਰ ਹੋ ਜਾਵੇਗੀ। ਇਸ ਨਾਲ ਉਨ੍ਹਾਂ ਨੂੰ ਗਰੌਸਰੀ ਕਰਨ, ਕਿਰਾਇਆ ਦੇਣ ਵਿੱਚ ਸਹੂਲਤ ਹੋਵੇਗੀ ਅਤੇ ਉਹ ਆਪਣੇ ਬੱਚਿਆਂ ਨੂੰ ਖੇਡਾਂ ਜਾਂ ਐਕਸਟ੍ਰਾਕਰੀਕੂਲਰ ਗਤੀਵਿਧੀਆਂ ਵਿੱਚ ਹਿੱਸਾ ਦਿਵਾ ਸਕਣਗੇ।

## ਐਮ ਆਈ ਟੀ ਅਤੇ ਹਾਰਵਰਡ ਨੇ ਅਨੋਖਾ ਫੇਸ ਮਾਸਕ ਬਣਾ ਲਿਆ

ਬੋਸਟਨ, 1 ਜੁਲਾਈ (ਪੋਸਟ ਬਿਊਰੋ)- ਐਮ ਆਈ ਟੀ ਅਤੇ ਹਾਰਵਰਡ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਇੱਕ ਨਵੇਂ ਫੇਸ ਮਾਸਕ ਦਾ ਡਿਜ਼ਾਈਨ ਤਿਆਰ ਕੀਤਾ ਹੈ, ਜਿਸ ਨੂੰ ਪਹਿਨਣ ਦੇ ਡੇਢ ਘੰਟੇ ਦੇ ਅੰਦਰ ਪਤਾ ਲੱਗ ਸਕਦਾ ਹੈ ਕਿ ਉਸ ਨੂੰ ਪਹਿਨਣ ਵਾਲੇ ਨੂੰ ਸਾਰਸ-ਸੀ ਓ ਵੀ-2 ਜਾਂ ਕੋਰੋਨਾ ਵਾਇਰਸ ਤਾਂ ਨਹੀਂ ਹੈ।

ਮੈਗਜ਼ੀਨ ‘ਨੇਚਰ ਬਾਇਓਟੈਕਨਾਲੋਜੀ’ ਵਿੱਚ ਇਸ ਮਾਸਕ ਡਿਜ਼ਾਈਨ ਦਾ ਵੇਰਵਾ ਹੈ। ਇਸ ਦੇ ਉਪਰ ਛੋਟੇ-ਛੋਟੇ ਡਿਸਪੋਜੇਬਲ ਸੈਂਸਰ ਲੱਗੇ ਹੁੰਦੇ ਹਨ, ਜਿਨ੍ਹਾਂ ਨੂੰ ਦੂਸਰੇ ਮਾਸਕ ਵਿੱਚ ਵੀ ਲਾਇਆ ਜਾ ਸਕਦਾ ਹੈ ਤੇ ਇਨ੍ਹਾਂ ਵਿੱਚੋਂ ਦੂਸਰੇ ਵਾਇਰਸਾਂ ਦੀ ਇਨਫੈਕਸ਼ਨ ਦਾ ਵੀ ਪਤਾ ਲੱਗ ਸਕਦਾ ਹੈ। ਖੋਜਕਾਰਾਂ ਅਨੁਸਾਰ ਇਨ੍ਹਾਂ ਸੈਂਸਰਾਂ ਨੂੰ ਨਾ ਕੇਵਲ ਫੇਸ ਮਾਸਕ ਉੱਤੇ ਬਲਕਿ ਲੈਬੋਰੇਟਰੀਆਂ ਵਿੱਚ ਸਿਹਤ ਮੁਲਾਜ਼ਮਾਂ ਵੱਲੋਂ ਵੀ ਵਰਤੇ ਜਾਣ ਵਾਲੇ ਕੋਟ ਵਰਗੇ ਪਹਿਰਾਵੇ ਆਦਿ ਉੱਤੇ ਵੀ ਲਾ ਕੇ ਸਿਹਤ ਮੁਲਾਜ਼ਮਾਂ ਨੂੰ ਵਾਇਰਸ ਦੇ ਸੰਭਾਵੀ ਖਤਰੇ ਉੱਤੇ ਨਜ਼ਰ ਰੱਖੀ ਜਾ ਸਕਦੀ ਹੈ।

# ਸਿੱਧੂ ਦੇ ਵਿਰੋਧ ਲਈ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਵਿੱਚ ‘ਲੰਚ ਪੋਲੀਟਿਕਸ’ ਸ਼ੁਰੂ

### * ਮੁੱਖ ਮੰਤਰੀ ਕੈਂਪ ਵਿੱਚ ਸਿੱਧੂ ਬਾਰੇ ਗੰਭੀਰ ਵਿਚਾਰਾਂ

ਚੰਡੀਗੜ੍ਹ, 1 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੀ ਰਾਜਨੀਤੀ ਵਿਚ ਹਲਚਲ ਦੌਰਾਨ ਨਾਰਾਜ਼ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂਦੀਆਂ ਦਿੱਲੀਵਿੱਚ ਪਾਰਟੀ ਹਾਈ ਕਮਾਨ ਨਾਲ ਮੀਟਿੰਗਾਂ ਦੇ ਨਾਲ ਸਮਝੌਤਾ ਫਾਰਮੂਲਾ ਆਉਣਦੀ ਉਡੀਕ ਕਰ ਰਹੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਪਾਰਟੀ ਅੰਦਰ ਆਪਣਾ ਧੜਾਮਜ਼ਬੂਤ ਕਰਨ ਰੁੱਝ ਗਏ ਹਨ। ਇਸੇ ਮਕਸਦ ਲਈ ਅੱਜਉਨ੍ਹਾਂ ਨੇ ਆਪਣੇ ਨੇੜਲੇ ਨੇਤਾਵਾਂ ਨਾਲ ਲੰਚ ਮੀਟਿੰਗ ਕੀਤੀ।ਦੱਸਿਆ ਜਾਂਦਾ ਹੈ ਕਿ ਇਹ ਲੰਚ ਮੀਟਿੰਗ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਣ ਲਈ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਪੰਜਾਬ ਵਿੱਚਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲਾ ਕਾਂਗਰਸੀ ਧੜਾ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਪ੍ਰਵਾਨ ਕਰਨ ਲਈ ਤਿਆਰ ਨਹੀਂ। ਚੰਡੀਗੜ੍ਹ ਵਿੱਚਅੱਜ ਵੀਰਵਾਰ ਦਾ ਪੂਰਾ ਦਿਨ ਸਿੱਧੂਮੁੱਦੇ ਉੱਤੇਮੁੱਖ ਮੰਤਰੀ ਕੈਂਪ ਵਿਚ ਵਿਚਾਰ ਹੁੰਦੀ ਰਹੀ।ਮੁੱਖ ਮੰਤਰੀ ਧੜੇ ਦੇਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਸਿੱਧੂ ਦੀ ਸ਼ਰਤ ਸਵੀਕਾਰ ਹੋ ਸਕਦੀ, ਕਿਉਂਕਿ ਸਿੱਧੂ ਤੋਂ ਸੀਨੀਅਰ ਨੇਤਾ ਪਾਰਟੀ ਵਿਚ ਹਨ।ਸਿੱਧੂਦੀਆਂ ਰਾਹੁਲ ਅਤੇ ਪ੍ਰਿਯੰਕਾ ਗਾਂਧੀ ਨਾਲ ਬੈਠਕਾਂ ਪਿੱਛੋਂ ਅਟਕਲਾਂ ਲੱਗ ਰਹੀਆਂ ਹਨ ਕਿ ਉਸ ਨੂੰ ਪੰਜਾਬ ਕਾਂਗਰਸ ਚੋਣ ਕਮੇਟੀ ਦਾ ਮੁਖੀ ਬਣਾਇਆ ਜਾ ਸਕਦਾ ਹੈ। ਇਸ ਧੜੇ ਦੇ ਮੁਤਾਬਕ ਜੇ ਨਵਜੋਤ ਸਿੰਘ ਸਿੱਧੂ ਨੂੰ ਡਿਪਟੀਮੁੱਖ ਮੰਤਰੀ ਦਾ ਅਹੁਦਾ ਦਿੱਤਾ ਜਾਵੇ ਤਾਂ ਸ਼ਾਇਦ ਉਸਉੱਤੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਤਰਾਜ਼ ਨਹੀਂ ਹੋਵੇਗਾ, ਕਿਉਂਕਿ ਡਿਪਟੀਮੁੱਖ ਮੰਤਰੀ ਨੇ ਮੁੱਖ ਮੰਤਰੀ ਦੇ ਅਧੀਨ ਕੰਮ ਕਰਨਾ ਹੁੰਦਾ ਹੈ, ਪਰਪੰਜਾਬ ਕਾਂਗਰਸ ਦਾ ਪ੍ਰਧਾਨ ਹੋਣਾ ਚੋਣਾਂ ਦੌਰਾਨ ਵੱਧ ਅਹਿਮ ਮੰਨਿਆ ਜਾਂਦਾ ਹੈ, ਕਿਉਂਕਿ ਉਹਵਿਧਾਨ ਸਭਾ ਚੋਣਾਂ ਵਿਚ ਟਿਕਟ-ਵੰਡਮੌਕੇਮੁੱਖ ਮੰਤਰੀ ਦੇ ਜਿੰਨਾ ਹੀ ਅਹਿਮ ਹੋਵੇਗਾ।ਇਸਲਈਕੈਪਟਨ ਅਮਰਿੰਦਰ ਸਿੰਘ ਦਾ ਧੜਾ ਕਿਸੇ ਵੀ ਹਾਲਤ ਵਿੱਚਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਨਹੀਂ ਬਣਨ ਦੇਣਾ ਚਾਹੁੰਦਾ।

ਅੱਜ ਮੁੱਖ ਮੰਤਰੀ ਦੇ ਨੇੜਲੇ ਨੇਤਾਵਾਂ ਦੀ ਬੈਠਕ ਤੋਂ ਸਾਫ ਹੋ ਗਿਆ ਕਿ ਉਹ ਵੀ ਸ਼ਕਤੀ ਪ੍ਰਦਰਸ਼ਨ ਕਰਨ ਅਤੇ ਆਪਣੀ ਤਾਕਤ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਦੇ ਅੱਜ ਦੇ ‘ਸ਼ਕਤੀ ਪ੍ਰਦਰਸ਼ਨ’ ਵਿਚ 5 ਪਾਰਲੀਮੈਂਟ ਮੈਂਬਰ, 20 ਵਿਧਾਇਕ, 8 ਕੈਬਨਿਟ ਮੰਤਰੀ, 30 ਜ਼ਿਲਾ ਪ੍ਰਧਾਨ ਤੇ ਕਈ ਹੋਰ ਵੱਡੇ ਆਗੂਮੌਜੂਦ ਸਨ।ਅੰਦਰੂਨੀ ਸੂਤਰਾਂ ਅਨੁਸਾਰ ਇਸ ਮੀਟਿੰਗ ਵਿੱਚਰਾਏ ਬਣੀ ਹੈ ਕਿ ਜੇ ਵਿਧਾਨ ਸਭਾ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਲੜੀਆਂ ਜਾਣ ਤਾਂ ਪੰਜਾਬ ਦੇ ਆਗੂ ਹਾਈ ਕਮਾਂਡ ਵੱਲੋਂਸਿੱਧੂ ਨੂੰ ਦਿੱਤੀ ਜ਼ਿਮੇਵਾਰੀ ਦਾ ਸਵਾਗਤ ਵੀਕਰ ਸਕਦੇ ਹਨ, ਪਰ ਜੇ ਉਸ ਨੂੰ ਚੋਣਾਂ ਦੀ ਅਗਵਾਈ ਦਿੱਤੀ ਗਈ ਤਾਂ ਹਾਲਾਤ ਵਿਗੜ ਸਕਦੇ ਹਨ।

Century 21
President Realty Inc
Brokerage*
Independently Owned and Operated.
ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ
Jagdish Grewal
Sales Repersentative
Call Now: (416)-970-5005

Brampton
$799,900
Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!

Brampton
$849,900
Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਉਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.

Brampton
$699,900
Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ

Brampton
$799,999
Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਂਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ

Brampton
$1,199,000
Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ

Brampton
$1,179,000
Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ

Brampton
$1,299,000
Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ

Brampton
$999,800
Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005
www.vipcondonetwork.com
80 Maritime Ontario Blvd #246 Brampton, ON L6S 0E7
Call: 905-488-2100 Fax : 905-488-2101

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

# ਸਿਆਸਤ ਤੋਂ ਸੰਨਿਆਸ ਲੈ ਰਹੀ ਹੈ ਮੈਕੇਨਾ !

**ਕੀ ਮਾਰਕ ਕਾਰਨੇ ਲਈ ਕੀਤਾ ਜਾ ਰਿਹਾ ਹੈ ਰਾਹ ਪੱਧਰਾ?**

ਓਟਵਾ, 1 ਜੁਲਾਈ (ਪੋਸਟ ਬਿਊਰੋ) : ਇਨਫਰਾਸਟ੍ਰਕਚਰ ਮੰਤਰੀ ਕੈਥਰੀਨ ਮੈਕੈਨਾ ਵੱਲੋਂ ਚੋਣਾਂ ਵਿੱਚ ਮੁੜ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਗਿਆ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਵੱਲੋਂ ਇਸ ਤਰ੍ਹਾਂ ਅਚਾਨਕ ਲਏ ਗਏ ਫੈਸਲੇ ਨਾਲ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੇ ਲਈ ਅਗਲੀਆਂ ਚੋਣਾਂ ਵਾਸਤੇ ਰਾਹ ਪੱਧਰਾ ਹੋ ਗਿਆ ਹੈ, ਬਸ਼ਰਤੇ ਕਾਰਨੇ ਚੋਣਾਂ ਵਿੱਚ ਲਿਬਰਲ ਪਾਰਟੀ ਵੱਲੋਂ ਹਿੱਸਾ ਲੈਣਾ ਚਾਹੁੰਦੇ ਹੋਣ। 2015 ਤੋਂ ਮੈਕੇਨਾ ਕੋਲ ਓਟਵਾ ਸੈਂਟਰ ਹਲਕਾ ਹੈ। ਇਸ ਹਲਕੇ ਵਿੱਚ ਹੀ ਪਾਰਲੀਆਮੈਂਟ ਹਿੱਲ ਮੌਜੂਦ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਾਰਨੇ ਨੇ ਚੋਣਾਂ ਵਿੱਚ ਹਿੱਸਾ ਲੈਣ ਦੀ ਵਚਨਬੱਧਤਾ ਨਹੀਂ ਸੀ ਪ੍ਰਗਟਾਈ ਪਰ ਅਪਰੈਲ ਵਿੱਚ ਲਿਬਰਲ ਪਾਰਟੀ ਦੀ ਹੋਈ ਵਰਚੂਅਲ ਕਨਵੈਂਸ਼ਨ ਵਿੱਚ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਇਹ ਜ਼ਰੂਰ ਆਖਿਆ ਸੀ ਕਿ ਪਾਰਟੀ ਦੇ ਸਹਿਯੋਗ ਲਈ ਉਨ੍ਹਾਂ ਕੋਲੋਂ ਜੋ ਹੋ ਸਕੇਗਾ ਉਹ ਕਰਨਗੇ।



ਸੋਮਵਾਰ ਨੂੰ ਮੈਕੇਨਾ ਵੱਲੋਂ ਇੱਕ ਨਿਊਜ਼ ਕਾਨਫਰੰਸ ਕਰਕੇ ਆਪਣੇ ਇਸ ਫੈਸਲੇ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਮੈਕੇਨਾ ਵੱਲੋਂ ਇਸ ਸਬੰਧ ਵਿੱਚ ਤਿਆਰ ਕੀਤੇ ਗਏ ਭਾਸ਼ਣ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਅੱਠ ਸਾਲ ਪਹਿਲਾਂ ਜਦੋਂ ਉਹ ਸਿਆਸਤ ਵਿੱਚ ਆਈ ਸੀ ਤਾਂ ਉਸ ਨੇ ਖੁਦ ਨਾਲ ਦੋ ਵਾਅਦੇ ਕੀਤੇ ਸਨ ਕਿ ਹਮੇਸ਼ਾਂ ਉਸ ਕਾਰਨ ਲਈ ਲੜੇਗੀ ਜਿਸ ਵਿੱਚ ਉਹ ਯਕੀਨ ਕਰਦੀ ਹੈ ਤੇ ਉਸ ਸਮੇਂ ਸਿਆਸਤ ਛੱਡ ਦੇਵੇਗੀ ਜਦੋਂ ਉਸ ਨੂੰ ਲੱਗੇਗਾ ਕਿ ਉਸ ਦੇ ਕੰਮ ਪੂਰੇ ਹੋ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਉਹ ਆਪਣੇ ਤਿੰਨ ਬੱਚਿਆਂ ਵੱਲ ਧਿਆਨ ਦੇਣਾ ਚਾਹੁੰਦੀ ਹੈ ਤੇ ਕਲਾਈਮੇਟ ਚੇਂਜ ਲਈ ਲੜਨਾ ਚਾਹੁੰਦੀ ਹੈ। ਆਪਣੇ ਇਸ ਫੈਸਲੇ ਬਾਰੇ ਮੈਕੇਨਾ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਐਤਵਾਰ ਨੂੰ ਜਾਣੂ ਕਰਵਾ ਦਿੱਤਾ ਸੀ। ਉਨ੍ਹਾਂ ਇਹ ਵੀ ਆਖਿਆ ਕਿ ਅਗਲੀਆਂ ਚੋਣਾਂ ਤੱਕ ਉਹ ਆਪਣੇ ਇਸ ਅਹੁਦੇ ਲਈ ਕੰਮ ਕਰਦੀ ਰਹੇਗੀ।

# ਸਟੰਟ ਡਰਾਈਵਿੰਗ ਕਰਨ ਵਾਲੇ ਸੱਤਰ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ, 61 ਕਾਰਾਂ ਜ਼ਬਤ

ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਸੰਗਠਿਤ ਤੌਰ ਉੱਤੇ ਸਟੰਟ ਡਰਾਈਵਿੰਗ ਕਰਨ ਵਾਲਿਆਂ ਉੱਤੇ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਤੋਂ ਬਾਅਦ 70 ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ ਤੇ 60 ਤੋਂ ਵੀ ਜ਼ਿਆਦਾ ਗੱਡੀਆਂ ਜ਼ਬਤ ਕੀਤੀਆਂ ਗਈਆਂ ਹਨ।

ਯੌਰਕ ਰੀਜਨਲ ਪੁਲਿਸ ਨੇ ਮੰਗਲਵਾਰ ਨੂੰ ਆਖਿਆ ਕਿ ਪਹਿਲੀ ਮਈ ਤੇ 24 ਜੂਨ ਦਰਮਿਆਨ ਕਈ ਪੁਲਿਸ ਸਰਵਿਸਿਜ਼ ਵੱਲੋਂ ਕਈ ਲਾਂਘਿਆਂ ਤੇ ਪਾਰਕਿੰਗ ਲੌਟਸ ਉੱਤੇ ਲੋਕਾਂ ਦੇ ਹੋਣ ਵਾਲੇ ਇੱਕਠ ਦੀਆਂ ਮਿਲੀਆਂ ਰਿਪੋਰਟਾਂ ਦੀ ਜਾਂਚ ਸ਼ੁਰੂ ਕੀਤੀ ਗਈ। ਪੁਲਿਸ ਨੂੰ ਇਹ ਵੀ ਪਤਾ ਲੱਗਿਆ ਕਿ ਇਸ ਲੋਕ ਗੈਰਕਾਨੂੰਨੀ ਤੌਰ ਉੱਤੇ ਕਾਰ ਰੈਲੀਆਂ ਕਰਵਾਉਂਦੇ ਹਨ ਤੇ ਕਈ ਵਾਰੀ ਰਸਤੇ ਵੀ ਜਾਮ ਕਰ ਦਿੰਦੇ ਹਨ।

ਬੀਤੇ ਦਿਨੀਂ ਵੀ ਇਸ ਤਰ੍ਹਾਂ ਦੀਆਂ ਕਈ ਕਾਰ ਰੈਲੀਆਂ ਦੀਆਂ ਰਿਪੋਰਟਾਂ ਸਾਹਮਣੇ ਆਈਆਂ। ਅਪਰੈਲ ਵਿੱਚ ਨੌਰਥ ਯੌਰਕ ਵਿੱਚ ਇਸੇ ਤਰ੍ਹਾਂ ਦਾ



ਇੱਕਠ ਕਾਫੀ ਚਰਚਾ ਵਿੱਚ ਰਿਹਾ ਸੀ ਜਿੱਥੇ ਸੜਕ ਉੱਤੇ ਫਿਊਲ ਪਾ ਕੇ ਉਸ ਨੂੰ ਅੱਗ ਲਾ ਦਿੱਤੀ ਗਈ ਸੀ। ਪੀਲ ਰੀਜਨਲ ਪੁਲਿਸ ਚੀਫ ਨਿਸ਼ਾਨ ਦੁਰਈਅੱਪਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਹ ਜਾਂਚ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਨਹੀਂ ਹੈ ਜਿਹੜੇ ਸਿਰਫ ਕਾਰਾਂ ਦੀ ਰੇਸ ਤੇ ਕਾਰ ਕਲਚਰ ਦਾ ਆਨੰਦ ਮਾਣਦੇ ਹਨ ਸਗੋਂ ਅਜਿਹੇ ਲੋਕਾਂ ਨੂੰ ਫੜ੍ਹ ਰਹੇ ਹਾਂ ਜਿਹੜੇ ਹਾਈ ਰਿਸਕ ਡਰਾਈਵਿੰਗ ਵਿੱਚ ਸ਼ਾਮਲ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਜਾਂਚਕਾਰਾਂ ਨੇ ਆਖਿਆ ਕਿ ਉਨ੍ਹਾਂ ਅਜਿਹੇ ਡਰਾਈਵਰਾਂ ਦੀ ਨਿਗਰਾਨੀ ਲਈ ਹੈਲੀਕਾਪਟਰਜ਼ ਦੀ ਵੀ ਮਦਦ ਲਈ। ਯੌਰਕ ਰੀਜਨਲ ਪੁਲਿਸ ਨੇ ਆਖਿਆ ਕਿ ਇਹ ਸਾਰਾ ਪ੍ਰੋਜੈਕਟ ਖੁਫੀਆ ਏਜੰਸੀਆ ਦੀ ਅਗਵਾਈ ਨਾਲ ਸਿਰੇ ਚੜ੍ਹਾਇਆ ਗਿਆ। ਇਹ ਜਾਂਚ ਅਜਿਹੇ ਗਰੁੱਪਸ ਨੂੰ ਖਤਮ ਕਰਨ ਲਈ ਕੀਤੀ ਗਈ ਜਿਹੜੇ ਜੀਟੀਏ ਵਿੱਚ ਖਤਰਨਾਕ ਗਤੀਵਿਧੀਆਂ ਨੂੰ ਅੰਜਾਮ ਦੇ ਕੇ ਆਪਣੀ ਤੇ ਹੋਰਨਾਂ ਦੀ ਜਾਨ ਖਤਰੇ ਵਿੱਚ ਪਾਉਂਦੇ ਹਨ।ਕਈ ਥਾਂਵਾਂ ਉੱਤੇ ਤਾਂ ਜਾਂਚਕਾਰਾਂ ਨੇ ਡਰੋਨਜ਼ ਦੀ ਵਰਤੋਂ ਵੀ ਕੀਤੀ।ਇਸ ਪ੍ਰੋਜੈਕਟ ਨੂੰ ਟੇਕਓਵਰ ਦਾ ਨਾਂ ਦਿੱਤਾ ਗਿਆ। 70 ਲੋਕਾਂ ਨੂੰ ਕ੍ਰਿਮੀਨਲ ਤੇ ਪ੍ਰਵਿੰਸ਼ੀਅਲ ਜੁਰਮਾਂ ਲਈ ਕਾਬੂ ਕੀਤਾ ਗਿਆ ਤੇ 61 ਕਾਰਾਂ ਜ਼ਬਤ ਕੀਤੀਆਂ ਗਈਆਂ ਤੇ 57 ਡਰਾਈਵਰਾਂ ਦੇ ਲਾਇਸੰਸ ਸਸਪੈਂਡ ਕਰ ਦਿੱਤੇ ਗਏ।

# ਟੋਰਾਂਟੋ ਦੇ ਕਲੀਨਿਕ ਵਿੱਚ ਇੱਕ ਦਿਨ ਵਿੱਚ 25000 ਲੋਕਾਂ ਨੂੰ ਲਾਏ ਗਏ ਕੋਵਿਡ-19 ਵੈਕਸੀਨ ਦੇ ਸ਼ੌਟ



ਟੋਰਾਂਟੋ, 1 ਜੁਲਾਈ (ਪੋਸਟ ਬਿਊਰੋ) : ਐਤਵਾਰ ਨੂੰ ਸਕੋਸ਼ੀਆ ਬੈਂਕ ਅਰੇਨਾ ਕਲੀਨਿਕ ਵਿੱਚ ਕੋਵਿਡ-19 ਵੈਕਸੀਨ ਦੀਆਂ 25000 ਡੋਜ਼ਾਂ ਲਗਾ ਕੇ ਨਵਾਂ ਮਾਅਰਕਾ ਮਾਰਿਆ ਗਿਆ। ਇੱਕ ਦਿਨ ਵਿੱਚ ਇੱਕੋਂ ਥਾਂ ਉੱਤੇ ਐਨੇ ਸ਼ੌਟਸ ਦੇਣ ਦਾ ਵੀ ਇਹ ਸੰਭਾਵੀ ਵਰਲਡ ਰਿਕਾਰਡ ਹੋ ਸਕਦਾ ਹੈ।

ਸਿਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਆਰਜ਼ੀ ਮਾਸ ਇਮਿਊਨਾਈਜ਼ੇਸ਼ਨ ਕਲੀਨਿਕ ਰੈਪਟਰਜ਼ ਤੇ ਮੇਪਲ ਲੀਫਜ਼ ਦੇ ਸਟੇਡੀਅਮ ਵਿੱਚ ਕਾਇਮ ਕੀਤਾ ਗਿਆ ਸੀ। ਇਸ ਨੇ ਕੌਮੀ ਤੇ ਨੌਰਥ ਅਮੈਰੀਕਨ ਰਿਕਾਰਡ ਵੀ ਤੋੜ ਦਿੱਤਾ। ਇਸ ਈਵੈਂਟ ਨੂੰ "ਆਰ ਵਿਨਿੰਗ ਸ਼ੌਟ" ਦਾ ਨਾਂ ਦਿੱਤਾ ਗਿਆ ਸੀ। ਪ੍ਰੋਵਿੰਸ ਵਿੱਚ ਕੋਵਿਡ-19 ਦੇ ਨਵੇਂ ਵੇਰੀਐਂਟ ਦੇ ਤੇਜ਼ੀ ਨਾਲ ਫੈਲਣ ਦੌਰਾਨ ਸਥਾਨਕ ਵਾਸੀਆਂ ਨੂੰ ਕੋਵਿਡ-19 ਦਾ ਆਪਣਾ ਪਹਿਲਾ ਤੇ ਦੂਜਾ ਸ਼ੌਟ ਲਵਾਉਣ ਲਈ ਉਤਸਾਹਿਤ ਕੀਤਾ ਗਿਆ ਸੀ।

ਇਸ ਈਵੈਂਟ ਵਿੱਚ ਮੇਪਲ ਲੀਫ ਸਪੋਰਟਸ ਐਂਡ ਐਂਟਰਟੇਨਮੈਂਟ, ਸਕੋਸ਼ੀਆਬੈਂਕ, ਮਾਈਕਲ ਗੈਰਨ ਹੌਸਪਿਟਲ ਤੇ ਦ ਯੂਨੀਵਰਸਿਟੀ ਹੈਲਥ ਨੈੱਟਵਰਕ ਵੱਲੋਂ ਭਾਈਵਾਲੀ ਨਾਲ ਕਰਵਾਇਆ ਗਿਆ। ਵੈਕਸੀਨ ਤੋਂ ਬਾਅਦ ਲੋਕਾਂ ਨੂੰ ਮੁਫਤ ਵਿੱਚ ਰੈਲੀ ਟਾਵਲ ਵੀ ਵੰਡੇ ਗਏ। ਇਸ ਤੋਂ ਇਲਾਵਾ ਪੰਜਾਹ ਜੋੜੇ ਮੇਪਲ ਲੀਫਜ਼ ਤੇ ਰੈਪਟਰਜ਼ ਟਿਕਟ ਵੀ ਦਿੱਤੇ ਗਏ। ਇਸ ਦੇ ਨਾਲ ਹੀ ਲੋਕਾਂ ਦੇ ਮਨੋਰੰਜਨ ਲਈ ਇੱਥੇ ਕਈ ਟੀਵੀ ਤੇ ਰੇਡੀਓ ਹਸਤੀਆਂ ਵੀ ਮੌਜੂਦ ਸਨ। ਟੀਮਾਂ ਦੇ ਮਸਕੌਟ ਵੀ ਮੌਜੂਦ ਸਨ।ਮੇਅਰ ਜੌਹਨ ਟੋਰੀ ਨੇ ਵੀ ਇੱਥੇ ਵੈਕਸੀਨ ਲਵਾਈ।

# ਟੋਰਾਂਟੋ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ



ਟੋਰਾਂਟੋ, 1 ਜੁਲਾਈ (ਪੋਸਟ ਬਿਊਰੋ) : ਰਾਤ ਸਮੇਂ ਟੋਰਾਂਟੋ ਵਿੱਚ ਗੋਲੀ ਲੱਗਣ ਕਾਰਨ ਇੱਕ 32 ਸਾਲਾ ਵਿਅਕਤੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਕਈ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਮੰਗਲਵਾਰ ਰਾਤੀਂ 11:44 ਉੱਤੇ ਹੰਬਰ ਬੋਲੀਵਰਡ ਤੇ ਅਲਾਇੰਸ ਐਵਨਿਊ ਵਿਖੇ ਸੱਦਿਆ ਗਿਆ।ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ, ਜਿਸ ਦੇ ਗੋਲੀ ਲੱਗੀ ਹੋਈ ਸੀ।ਉਸ ਨੂੰ ਇਲਾਜ ਲਈ ਹਸਪਤਾਲ ਦੇ ਟਰੌਮਾ ਸੈਂਟਰ ਲਿਜਾਇਆ ਗਿਆ।

ਡਿਊਟੀ ਇੰਸਪੈਕਟਰ ਮਾਈਕਲ ਵਿਲੀਅਮਜ਼ ਨੇ ਆਖਿਆ ਕਿ ਪ੍ਰਾਪਤ ਜਾਣਕਾਰੀ ਅਨੁਸਾਰ ਜ਼ਖ਼ਮੀ ਵਿਅਕਤੀ ਇੱਕ ਟਾਊਨਹਾਊਸ ਦੇ ਬੈਕਯਾਰਡ ਵਿੱਚ ਆਪਣੇ ਦੋਸਤਾਂ ਨਾਲ ਬਾਰਬੀਕਿਊ ਕਰ ਰਿਹਾ ਸੀ ਜਦੋਂ ਮਾਸਕ ਪਾਈ ਦੋ ਮਸ਼ਕੂਕ ਉਨ੍ਹਾਂ ਕੋਲ ਪਹੁੰਚੇ। ਉਨ੍ਹਾਂ ਵਿਚਾਲੇ ਥੋੜ੍ਹੀ ਗੱਲਬਾਤ ਹੋਈ ਤੇ ਮਾਸਕ ਵਾਲੇ ਮਸ਼ਕੂਕਾਂ ਨੇ ਹੈਂਡਗੰਨਜ਼ ਕੱਢ ਲਈਆਂ ਤੇ ਗੋਲੀ ਚਲਾ ਦਿੱਤੀ। ਗੋਲੀ ਉਸ ਵਿਅਕਤੀ ਦੇ ਧੜ ਦੇ ਹੇਠਲੇ ਹਿੱਸੇ ਵਿੱਚ ਲੱਗੀ।

ਫਿਰ ਮਸ਼ਕੂਕ ਕਿੱਧਰ ਭੱਜ ਗਏ ਇਸ ਬਾਰੇ ਪਤਾ ਨਹੀਂ ਲੱਗ ਸਕਿਆ। ਪੁਲਿਸ ਨੇ ਦੱਸਿਆ ਕਿ ਮੌਕੇ ਦੀ ਤਲਾਸ਼ੀ ਲੈਣ ਉੱਤੇ ਉਨ੍ਹਾਂ ਨੂੰ ਗੋਲੀਆਂ ਦੇ ਖੋਲ ਮਿਲੇ। ਜਾਂਚ ਵਿੱਚ ਮਦਦ ਲਈ ਤੇ ਮਸ਼ਕੂਕਾਂ ਦੀ ਭਾਲ ਲਈ ਸੂਹੀਆਂ ਕੁੱਤਿਆਂ ਦੀ ਵੀ ਮਦਦ ਲਈ ਜਾ ਰਹੀ ਹੈ।

# ਰੀਓਪਨਿੰਗ ਪਲੈਨ ਦੇ ਤੀਜੇ ਪੜਾਅ ਵਿੱਚ ਦਾਖਲ ਹੋਣ ਤੋਂ ਪਹਿਲਾਂ 21 ਦਿਨਾਂ ਦਾ ਵਕਫਾ ਜ਼ਰੂਰੀ : ਡਾ.ਮੂਰ

ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਨਵੇਂ ਚੀਫ ਮੈਡੀਕਲ ਆਫੀਸਰ ਆਫ ਹੈਲਥ ਦਾ ਕਹਿਣਾ ਹੈ ਕਿ ਉਹ ਸ਼ਡਿਊਲ ਤੋਂ ਪਹਿਲਾਂ ਪ੍ਰੋਵਿੰਸ ਨੂੰ ਰੀਓਪਨਿੰਗ ਪਲੈਨ ਦੇ ਤੀਜੇ ਪੜਾਅ ਵਿੱਚ ਭੇਜਣ ਦੇ ਹੱਕ ਵਿੱਚ ਨਹੀਂ ਹਨ। ਉਨ੍ਹਾਂ ਆਖਿਆ ਕਿ ਡੈਲਟਾ ਵੇਰੀਐਂਟ ਇਸ ਸਮੇਂ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਇਸ ਦੇ ਚੱਲਦਿਆਂ ਕਾਹਲੀ ਕਰਨਾ ਸਮਝਦਾਰੀ ਨਹੀਂ ਹੋਵੇਗੀ।



ਅੱਜ ਰਾਤ ਓਨਟਾਰੀਓ ਰੀਓਪਨਿੰਗ ਪਲੈਨ ਦੇ ਦੂਜੇ ਪੜਾਅ ਵਿੱਚ ਦਾਖਲ ਹੋਵੇਗਾ। ਇਸ ਨਾਲ ਪਿਛਲੇ ਸਾਲ ਨਵੰਬਰ ਤੋਂ ਟੋਰਾਂਟੋ ਤੇ ਪੀਲ ਰੀਜਨ ਵਿੱਚ ਬੰਦ ਪਈਆਂ ਪਰਸਨਲ ਕੇਅਰ ਸਰਵਿਸਿਜ਼ ਖੁੱਲ੍ਹ ਜਾਣਗੀਆਂ।ਇਹ ਕਦਮ ਸ਼ਡਿਊਲ ਤੋਂ ਦੋ ਦਿਨ ਪਹਿਲਾਂ ਚੁੱਕਿਆ ਜਾ ਰਿਹਾ ਹੈ। ਇੱਥੇ ਇਹ ਵੀ ਦੱਸਣਾ ਹੋਵੇਗਾ ਕਿ ਕੈਨੇਡਾ ਡੇਅ ਹਾਲੀਡੇਅ ਦੇ ਸੰਦਰਭ ਵਿੱਚ ਕੁੱਝ ਐਕਟੀਵਿਟੀਜ਼ ਕਰਨ ਦੀ ਵੀ ਇਜਾਜ਼ਤ ਦਿੱਤੀ ਜਾਵੇਗੀ। ਇਨ੍ਹਾਂ ਵਿੱਚ 25 ਲੋਕਾਂ ਦੇ ਆਊਟਡੋਰ ਇੱਕਠ ਦੀ ਵੀ ਇਜਾਜ਼ਤ ਹੋਵੇਗੀ।

ਸ਼ਡਿਊਲ ਤੋਂ ਪਹਿਲਾਂ ਦੂਜੇ ਪੜਾਅ ਵਿੱਚ ਦਾਖਲ ਹੋਣ ਦਾ ਇਹ ਫੈਸਲਾ ਸਾਬਕਾ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਡੇਵਿਡ ਵਿਲੀਅਮਜ਼ ਦੇ ਸਹਿਯੋਗ ਨਾਲ ਲਿਆ ਗਿਆ ਹੈ।ਉਨ੍ਹਾਂ ਨੇ ਹਾਈ ਵੈਕਸੀਨੇਸ਼ਨ ਦਰਾਂ ਤੇ ਸੁਧਰ ਰਹੇ ਪਬਲਿਕ ਹੈਲਥ ਇੰਡੀਕੇਟਰਜ਼ ਨੂੰ ਇਸ ਫੈਸਲੇ ਦਾ ਕਾਰਣ ਦੱਸਿਆ।ਪਰ ਮੰਗਲਵਾਰ ਨੂੰ ਬ੍ਰੀਫਿੰਗ ਦੌਰਾਨ ਵਿਲੀਅਮਜ਼ ਦੇ ਜਾਨਸ਼ੀਨ ਡਾ• ਕੀਰਨ ਮੂਰ ਨੇ ਤੀਜੇ ਪੜਾਅ ਵਿੱਚ ਦਾਖਲ ਹੋਣ ਲਈ ਇਨ੍ਹਾਂ ਕਾਰਨਾਂ ਨੂੰ ਕਾਰਗਰ ਨਹੀਂ ਦੱਸਿਆ। ਤੀਜੇ ਪੜਾਅ ਵਿੱਚ ਦਾਖਲ ਹੋਣ ਤੋਂ ਬਾਅਦ ਇੰਡੋਰ ਕਾਰੋਬਾਰ ਜਿਵੇਂ ਕਿ ਮੂਵੀ ਥਿਏਟਰਜ਼, ਜਿੰਮਜ਼, ਬਾਰਜ਼ ਤੇ ਰੈਸਟੋਰੈਂਟਸ ਮੁੜ ਖੁੱਲ੍ਹ ਜਾਣਗੇ।

ਉਨ੍ਹਾਂ ਆਖਿਆ ਕਿ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਡੈਲਟਾ ਵੇਰੀਐਂਟ ਤੇਜ਼ੀ ਨਾਲ ਫੈਲ ਰਿਹਾ ਹੈ। ਉਨ੍ਹਾਂ ਆਖਿਆ ਕਿ ਉਹ ਵੀ ਆਪਣੇ ਟੀਕਾਕਰਣ ਦੀ ਦਰ ਤੇ ਪ੍ਰਾਪਤੀਆਂ ਦਾ ਜਸ਼ਨ ਮਨਾਉਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਲੱਗਦਾ ਹੈ ਕਿ 21 ਦਿਨ ਦਾ ਵਕਫਾ ਜ਼ਰੂਰੀ ਹੈ ਤੇ ਸਾਨੂੰ ਅਜੇ ਵੀ ਅਹਿਤਿਆਤ ਤੋਂ ਕੰਮ ਲੈਣ ਦੀ ਜ਼ਰੂਰਤ ਹੈ।

# ਮੁੱਦਾ ਮਾਈਨਿੰਗ ਦਾ: ਸੁਖਬੀਰ ਸਿੰਘ ਬਾਦਲ, ਵਿਰਸਾ ਵਲਟੋਹਾ, ਬੋਨੀ ਅਜਨਾਲਾ ਤੇ ਹੋਰਨਾਂ ਦੇ ਖਿਲਾਫ ਉਲਟਾ ਕੇਸ ਦਰਜ

*** ਮਾਈਨਿੰਗ ਲਾਇਸੈਂਸੀ ਕੰਪਨੀ ਵੱਲੋਂ ਪੁਲਿਸ ਕੋਲ ਸ਼ਿਕਾਇਤ**

ਅੰਮ੍ਰਿਤਸਰ, 1 ਜੁਲਾਈ, (ਪੋਸਟ ਬਿਊਰੋ)-ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਚੀਫ ਪਾਰਲੀਮੈਂਟਰੀ ਸੈਕਟਰੀ ਵਿਰਸਾ ਸਿੰਘ ਵਲਟੋਹਾ, ਅਮਰਪਾਲ ਸਿੰਘ ਬੋਨੀ ਅਜਨਾਲਾ ਅਤੇ ਹੋਰ ਅਕਾਲੀ ਆਗੂਆਂਵੱਲੋਂ ਬਿਆਸ ਦਰਿਆ ਉਤੇ ਹੁੰਦੀ ਮਾਈਨਿੰਗ ਉਤੇ ਬੁੱਧਵਾਰ ਕੀਤੀ ਗਈ ਛਾਪੇਮਾਰੀ ਦੇ ਸਬੰਧ ਵਿਚ ਥਾਣਾ ਬਿਆਸ ਦੀ ਪੁਲਿਸ ਨੇ ਅੱਜ ਵੀਰਵਾਰ ਨੂੰ ਇਨ੍ਹਾਂ ਸਾਰਿਆਂ ਦੇ ਖਿਲਾਫ ਇੱਕ ਕੇਸ ਦਰਜ ਕਰ ਲਿਆ ਹੈ।

ਇਸ ਬਾਰੇ ਥਾਣਾ ਬਿਆਸ ਦੀ ਐੱਸਐੱਚਓ ਸਬ ਇੰਸਪੈਕਟਰ ਪਰਮਿੰਦਰ ਕੌਰ ਨੇ ਦੱਸਿਆ ਕਿ ਮਾਈਨਿੰਗ ਦਾ ਕੰਮ ਕਰਨ ਵਾਲੀ ਫਰੈਂਡਜ਼ ਐਂਡ ਕੰਪਨੀ ਦੇ ਮੈਨੇਜਰ ਦੀ ਸ਼ਿਕਾਇਤ ਉਤੇ ਸਾਬਕਾ ਡਿਪਟੀਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਤੇ ਅਮਰਪਾਲ ਸਿੰਘ ਬੋਨੀ ਅਤੇ ਹੋਰ ਅਣਪਛਾਤੇ ਲੋਕਾਂ ਖਿਲਾਫ ਕੇਸ ਦਰਜ



ਕੀਤਾ ਗਿਆ ਹੈ। ਕੰਪਨੀ ਦੇ ਮੈਨੇਜਰ ਨੇ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਦੀ ਕੰਪਨੀ ਕਾਨੂੰਨ ਮੁਤਾਬਕ ਏਥੇ ਰੇਤ ਦੀ ਮਾਈਨਿੰਗ ਕਰਦੀ ਹੈਤੇ ਇਸ ਕੰਪਨੀ ਨੇ ਇਹ ਠੇਕਾ 14 ਜਨਵਰੀ 2020 ਵਿੱਚ ਤਿੰਨ ਸਾਲਾਂ ਲਈ ਲਿਆ ਸੀ, ਜਿਸ ਦੇ ਕੰਮ ਵਿੱਚ ਬੁੱਧਵਾਰ ਨੂੰ ਇਨ੍ਹਾਂ ਸਾਰੇ ਅਕਾਲੀ ਆਗੂਆਂ ਨੇ ਆਣ ਕੇ ਵਿਘਨ ਪਾਇਆ ਹੈ।

ਵਰਣਨ ਯੋਗ ਹੈ ਕਿਬੀਤੇ ਬੁੱਧਵਾਰ ਨੂੰ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂਆਂ ਨੇ ਅੰਮ੍ਰਿਤਸਰ ਤੋਂ ਜਲੰਧਰ ਜਾਂਦੇ ਸਮੇਂ ਰਸਤੇ ਵਿਚ ਬਿਆਸ ਪੁਲ ਨੇੜੇ ਰੇਤਾ ਦੀ ਮਾਈਨਿੰਗ ਉਤੇ ਛਾਪਾ ਮਾਰਿਆ ਤੇ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਸਰਕਾਰ ਉਤੇ ਨਾਜਾਇਜ਼ ਮਾਈਨਿੰਗ ਕਰਾਉਣ ਦਾ ਦੋਸ਼ ਲਾਇਆ ਸੀ। ਉਨ੍ਹਾਂ ਕਿਹਾ ਸੀ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ(ਐਨਜੀਟੀ) ਦੇ ਨਿਯਮਾਂ ਦੇ ਮੁਤਾਬਕ ਪੁਲ ਦੇ ਪੰਜ ਕਿਲੋਮੀਟਰ ਖੇਤਰ ਵਿਚ ਮਾਈਨਿੰਗ ਨਹੀਂ ਹੋ ਸਕਦੀ, ਪਰ ਏਥੇ ਇਕ ਕਿਲੋਮੀਟਰ ਦੇ ਅੰਦਰਮਾਈਨਿੰਗ ਚੱਲ ਰਹੀ ਹੈ। ਉਨ੍ਹਾਂ ਕਿਹਾ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਰੇਤ ਮਾਫੀਏ ਨੂੰ ਲੁੱਟ ਦੀ ਆਗਿਆ ਦੇ ਰਹੇ ਹਨ। ਇਸ ਮੌਕੇ ਉਨ੍ਹਾਂ ਨੇ ਮੰਤਰੀ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਸੁਖਪਾਲ ਸਿੰਘ ਭੁੱਲਰ, ਇੰਦਰਬੀਰ ਸਿੰਘ ਬੁਲਾਰੀਆ, ਰਮਨਜੀਤ ਸਿੰਘ ਸਿੱਕੀ ਅਤੇ ਕੁਲਬੀਰ ਸਿੰਘ ਜ਼ੀਰਾ ਦੇ ਖਿਲਾਫ ਨਾਜਾਇਜ਼ ਮਾਈਨਿੰਗ ਕਰਵਾਉਣ ਦਾ ਦੋਸ਼ ਲਾਇਆ ਸੀ।

# 2021-22 ਸਕੂਲ ਵਰ੍ਹੇ ਵਿੱਚ ਇਨ-ਪਰਸਨ ਲਰਨਿੰਗ ਲਈ ਦ੍ਰਿੜ ਹਾਂ : ਲਿਚੇ

ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਇੱਕ ਸਕੂਲ ਯੀਅਰ ਦੌਰਾਨ ਇਹ ਸਕੂਲ ਦਾ ਆਖਰੀ ਦਿਨ ਹੈ ਜੋ ਕੋਈ ਵੀ ਮਾਪੇ, ਵਿਦਿਆਰਥੀ ਤੇ ਅਧਿਆਪਕ ਨਹੀਂ ਚਾਹੁੰਦੇ ਕਿ ਇਹ ਦੁਹਰਾਇਆ ਜਾਵੇ।

ਅਜੇ ਵੀ ਸਤੰਬਰ ਲਈ ਕੋਈ ਸਰਕਾਰੀ ਯੋਜਨਾ ਨਹੀਂ ਹੈ ਪਰ ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਮੰਗਲਵਾਰ ਨੂੰ ਇਹ ਪੁਸ਼ਟੀ ਕੀਤੀ ਗਈ ਹੈ ਕਿ ਉਹ ਇਨ-ਪਰਸਨ ਲਰਨਿੰਗ ਲਈ ਵਚਨਬੱਧ ਹਨ। ਲਿਚੇ ਨੇ ਆਖਿਆ ਕਿ ਸਾਡੀ ਸਰਕਾਰ ਸਾਰੇ ਬੱਚਿਆਂ ਨੂੰ ਮੁੜ ਕਲਾਸਾਂ ਵਿੱਚ ਲਿਆਉਣ ਲਈ ਵਚਨਬੱਧ ਹੈ। ਅਸੀਂ ਚਾਹੁੰਦੇ ਹਾਂ ਕਿ ਸਤੰਬਰ ਤੋਂ ਬੱਚਿਆਂ ਦੀ ਪੜ੍ਹਾਈ ਉਨ੍ਹਾਂ ਦੀਆਂ ਕਲਾਸਾਂ ਵਿੱਚ ਸ਼ੁਰੂ ਹੋਵੇ।

ਦੂਜੇ ਪਾਸੇ ਆਲੋਚਕਾਂ ਦਾ ਕਹਿਣਾ ਹੈ ਕਿ ਹੁਣ ਤੱਕ ਬੈਕ ਟੂ ਸਕੂਲ ਪਲੈਨ ਦਾ ਭੋਗ ਪੈ ਜਾਣਾ ਚਾਹੀਦਾ ਸੀ ਪਰ ਲਿਚੇ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਨੂੰ ਜਾਰੀ ਕੀਤਾ ਜਾਵੇਗਾ।



ਲਿਚੇ ਦਾ ਕਹਿਣਾ ਹੈ ਕਿ ਉਹ ਪਿਛਲੇ ਕਈ ਮਹੀਨਿਆਂ ਤੋਂ ਸਾਬਕਾ ਚੀਫ ਮੈਡੀਕਲ ਆਫੀਸਰ ਆਫ ਹੈਲਥ ਨਾਲ ਕੰਮ ਕਰ ਰਹੇ ਹਨ ਤੇ ਹੁਣ ਉਹ ਪ੍ਰੋਵਿੰਸ ਦੇ ਨਵੇਂ ਉੱਘੇ ਡਾਕਟਰ ਨਾਲ ਸਲਾਹ ਕਰਕੇ 2021-22 ਸਕੂਲ ਯੀਅਰ ਲਈ ਯੋਜਨਾ ਤਿਆਰ ਕਰ ਰਹੇ ਹਨ।

ਲਿਚੇ ਨੇ ਆਖਿਆ ਕਿ ਉਹ ਅਤੇ ਪ੍ਰੋਵਿੰਸ ਦੇ ਉੱਘੇ ਡਾਕਟਰ ਬੱਚਿਆਂ ਲਈ ਸਕੂਲ ਦਾ ਮਾਹੌਲ ਸਥਿਰ ਰੱਖਣ ਲਈ ਦ੍ਰਿੜ ਹਨ। ਇਸ ਤੋਂ ਪਹਿਲਾਂ ਲਿਚੇ ਨੇ ਇਹ ਵੀ ਆਖਿਆ ਸੀ ਕਿ ਅਗਲੇ ਸਕੂਲ ਵਰ੍ਹੇ ਵਿੱਚ ਖੇਡਾਂ ਤੇ ਐਕਸਟਰਾ ਕਰੀਕਲਰ ਐਕਟੀਵਿਟੀਜ਼ ਵੀ ਸ਼ਾਮਲ ਹੋਣਗੀਆਂ।

# ਕ੍ਰੈਨਬਰੁੱਕ ਦੇ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਲਾਗਿਓਂ ਮਿਲੇ 182 ਪਿੰਜਰ



ਵੈਨਕੂਵਰ, 1 ਜੁਲਾਈ (ਪੋਸਟ ਬਿਊਰੋ) : ਬੀ ਸੀ ਦੀ ਇੱਕ ਹੋਰ ਇੰਡੀਜੀਨਸ ਕਮਿਊਨਿਟੀ ਦਾ ਕਹਿਣਾ ਹੈ ਕਿ ਜ਼ਮੀਨ ਦੇ ਹੇਠਾਂ ਚੀਜ਼ਾਂ ਦਾ ਪਤਾ ਲਾਉਣ ਵਾਲੇ ਰਡਾਰ ਰਾਹੀਂ ਇੱਕ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਨੇੜੇ 182 ਲੋਕਾਂ ਦੇ ਪਿੰਜਰ ਮਿਲੇ ਹਨ।

ਬੁੱਧਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਲੋਅਰ ਕੂਟਨੇ ਬੈਂਡ ਨੇ ਆਖਿਆ ਕਿ ਕ੍ਰੈਨਬਰੁੱਕ ਨੇੜੇ ਪੁਰਾਣੇ ਸੇਂਟ ਯੂਜੀਨਜ਼ ਮਿਸ਼ਨ ਸਕੂਲ ਕੋਲੋਂ ਬਿਨਾਂ ਨਿਸ਼ਾਨਬੱਧ ਕਬਰਾਂ ਵਿੱਚੋਂ 182 ਪਿੰਜਰ ਮਿਲੇ ਹਨ।

# ਪੰਜਾਬ ਕਾਂਗਰਸ ਦਾ ਕਲੇਸ਼: ਨਵਜੋਤ ਸਿੱਧੂ ਨੂੰ ਕਾਂਗਰਸ ਦੀ ਟਿਕਟ-ਵੰਡ ਦਾ ਜ਼ਿੰਮਾ ਮਿਲ ਸਕਦੈ

ਚੰਡੀਗੜ੍ਹ, 1 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿਚ ਰਾਜ ਕਰਦੀ ਕਾਂਗਰਸ ਪਾਰਟੀ ਦੇ ਅੰਦਰੂਨੀ ਰਾਜਨੀਤਕ ਝਗੜੇ ਦੌਰਾਨ ਪਿਛਲੇ ਹਫਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਲਗਭਗ ਸਾਰੇ ਵਿਧਾਇਕ ਤੇ ਮੰਤਰੀ ਵੀ ਦਿੱਲੀ ਵਿਚ ਕਾਂਗਰਸ ਹਾਈ ਕਮਾਂਡ ਅੱਗੇ ਪੇਸ਼ ਹੋਏ ਹਨ ਅਤੇ ਅੰਤ ਵਿਚ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂਨੇ ਦਿੱਲੀਜਾ ਕੇ ਪਹਿਲਾਂ ਕਾਂਗਰਸ ਦੀ ਜਨਰਲ ਸੈਕਟਰੀ ਪ੍ਰਿਅੰਕਾ ਵਾਡਰਾ ਨਾਲ ਮੁਲਾਕਾਤ ਕੀਤੀਅਤੇ ਇਸ ਤੋਂ ਬਾਅਦ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨਾਲ ਵੀ ਮਿਲੇ ਸਨ।

ਬੁੱਧਵਾਰ ਨੂੰ ਨਵਜੋਤ ਸਿੰਘ ਸਿੱਧੂ ਦੀਆਂ ਨਹਿਰੂ-ਗਾਂਧੀ ਪਰਵਾਰ ਦੇ ਲੋਕਾਂ ਨਾਲ ਮੀਟਿੰਗਾਂ ਦੇ ਬਾਅਦ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਬੈਠਕਾਂਦੌਰਾਨਨਵਜੋਤ ਸਿੰਘ ਸਿੱਧੂ ਨੂੰ ਹੋਰ ਕਾਂਗਰਸੀ ਨੇਤਾਵਾਂ ਦੇ ਮੁਕਾਬਲੇ ਵੀਆਈਪੀ ਟਰੀਟਮੈਂਟ ਮਿਲਣ ਨਾਲਪੰਜਾਬ ਦੇ ਕਾਂਗਰਸੀ ਆਗੂਅੰਦਰਖਾਤੇ ਨਾਰਾਜ਼ ਹਨ, ਪਰ ਕਾਂਗਰਸ ਹਾਈ ਕਮਾਂਡ ਸਿੱਧੂ ਨੂੰ ਵੱਡੀ ਜ਼ਿੰਮੇਵਾਰੀ ਦੇਣ ਦਾ ਮਨ ਬਣਾ ਰਹੀ ਹੈ। ਇੱਕ ਹਿੰਦੀ ਅਖਬਾਰ ਦੀ ਰਿਪੋਰਟ ਅਨੁਸਾਰ ਕਾਂਗਰਸ ਦੀ ਹਾਈਕਮਾਨ ਨਵਜੋਤ ਸਿੰਘ ਸਿੱਧੂ ਨੂੰ ਅਗਲੇ ਸਾਲ ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣ ਲਈ ਕੈਂਪੇਨ ਕਮੇਟੀ ਦੇਮੁਖੀ ਬਣਾ ਕੇ ਜਾਂ ਟਿਕਟਾਂ ਦੀ ਵੰਡ ਕਰਨ ਵਾਲੀ ਚੋਣ ਕਮੇਟੀ ਵਿੱਚ ਸ਼ਾਮਲ ਕਰ ਕੇ ਵੱਡੀ ਜ਼ਿਮੇਵਾਰੀ ਦੇ ਸਕਦੀ ਹੈ।

ਵਰਣਨ ਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਮੰਗਲਵਾਰ ਨੂੰ ਰਾਹੁਲ ਗਾਂਧੀ ਨੂੰ ਮਿਲਣ ਗਏ ਤਾਂ ਉਨ੍ਹਾ ਦੀ ਮੁਲਾਕਾਤ ਨਹੀਂ ਸੀ ਹੋ ਸਕੀ, ਜਿਸ ਤੋਂ ਪੰਜਾਬ ਕਾਂਗਰਸ ਦੇ ਨੇਤਾਵਾਂ ਨੇ ਕਈ ਅਰਥ ਕੱਢੇ ਸਨ, ਪਰਬੁੱਧਵਾਰਨੂੰ ਪ੍ਰਿਯੰਕਾ ਗਾਂਧੀ ਦੇ ਸਰਗਰਮ ਹੋਣ ਨਾਲ ਪੰਜਾਬ ਦੀ ਰਾਜਨੀਤੀ ਦੇ ਨਵੇਂ ਹਾਲਾਤ ਬਣਨ ਲੱਗ ਪਏ ਹਨ।

ਇਸ ਦੌਰਾਨ ਨਵਜੋਤ ਸਿੰਘ ਸਿੱਧੂ ਨੂੰ ਵੀਆਈਪੀ ਟਰੀਟ ਮਿਲਣ ਤੋਂ ਨਾਰਾਜ਼ ਕਾਂਗਰਸੀ ਆਗੂ ਕਹਿੰਦੇ ਹਨ ਕਿ ਸਿੱਧੂਸਿਰਫ ਇੱਕ ਵਿਧਾਇਕ ਹਨ, ਦੂਸਰੇ ਵਿਧਾਇਕਾਂ ਨੂੰ ਨਜ਼ਰ ਅੰਦਾਜ਼ ਕਰਨਾ ਤੇ ਇਕੱਲੇਲੀਡਰ ਸਿੱਧੂ ਨੂੰ ਵੀਆਈਪੀ ਟਰੀਟਮੈਂਟ ਦੇਣਾ ਠੀਕ ਨਹੀਂ। ਕੁਝ ਕਾਂਗਰਸੀ ਨੇਤਾ ਕਹਿ ਰਹੇ ਹਨ ਕਿ ਹਾਈ ਕਮਾਨ ਨੂੰ ਟਕਸਾਲੀ ਕਾਂਗਰਸੀਆਂ ਨਾਲ ਵੀ ਗੱਲ ਕਰਨੀ ਚਾਹੀਦੀ ਹੈ। ਸਾਬਕਾ ਕ੍ਰਿਕੇਟ ਖਿਡਾਰੀ ਸਿੱਧੂ ਦੀ ਹਾਈ ਕਮਾਨ ਨਾਲ ਮੀਟਿੰਗ ਬਾਰੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾਕਹਿਣਾ ਹੈ ਕਿ ਉਹ ਚਾਹੁੰਦੇ ਹਨ ਕਿ ਕਾਂਗਰਸ ਅੰਦਰਲੇ ਮਤਭੇਦ ਖਤਮ ਹੋਣੇ ਚਾਹੀਦੇ ਹਨ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application


FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਅੱਜ ਨਾਮਾ

ਖੇਤੀ ਮੰਤਰੀ ਨਵੀਂ ਨਹੀਂ ਬਾਤ ਕਹਿੰਦਾ,
ਕੈਸੇਟ ਵਰਗੇ ਬਿਆਨ ਦੁਹਰਾਈ ਜਾਂਦਾ।
ਓਧਰ ਪਿੱਛੇ ਕਿਸਾਨ ਨਹੀਂ ਹਟਣ ਵਾਲੇ,
ਗੁੱਸਾ ਪਹਿਲਾਂ ਤੋਂ ਵੱਧ ਹੈ ਆਈ ਜਾਂਦਾ।
ਖੱਟਰ ਸਿੱਖਿਆ ਓਧਰ ਨਹੀਂ ਚੁੱਪ ਹੋਣਾ,
ਬਿਨਾਂ ਵਜ੍ਹਾ ਦੀ ਟੈਨਸ਼ਨ ਵਧਾਈ ਜਾਂਦਾ।
ਜਦ ਵੀ ਦਿੰਦਾ ਬਿਆਨ ਆ ਨਵਾਂ ਕੋਈ,
ਮਸਲਾ ਹੋਰ ਵੀ ਨਿੱਤ ਉਲਝਾਈ ਜਾਂਦਾ।
ਚੱਲਣੀ ਚਾਲ ਕੀ ਰਾਹੀਂ ਪਿਆਦਿਆਂ ਦੇ,
ਮੁੱਦਾ ਤਾਂ ਮੋਦੀ ਨੂੰ ਤੋਲਣਾ ਚਾਹੀਦਾ ਜੀ।
ਕਰਦਾ ਹੋਰ ਰਹਿੰਦਾ ਨਿੱਤ ਬਹੁਤ ਬਾਤਾਂ,
ਇਸ ਦੇ ਬਾਰੇ ਵੀ ਬੋਲਣਾ ਚਾਹੀਦਾ ਜੀ।

**ਤੀਸ ਮਾਰ ਖਾਂ**

ਨਜਾਇਜ਼ ਮਾਈਨਿੰਗ :

# ਕਾਂਗਰਸ ਦੇ ਹਲਕਾ ਇੰਚਰਾਜ ਨੇ ਮਨਪ੍ਰੀਤ ਬਾਦਲ ਉੱਤੇ ਉੰਗਲ ਚੁੱਕੀ

ਬਠਿੰਡਾ, 1 ਜੁਲਾਈ (ਪੋਸਟ ਬਿਊਰੋ)- ਪਿਛਲੇ ਕੁਝ ਦਿਨਾਂ ਤੋਂ ਇਸ ਸ਼ਹਿਰ ਦੇ ਬੰਦ ਕੀਤੇ ਥਰਮਲ ਪਲਾਂਟਾਂ ਦੇ ਨਾਲ ਦੀ ਜ਼ਮੀਨ ਵਿੱਚੋਂ ਨਜਾਇਜ਼ ਮਾਈਨਿੰਗ ਬਾਰੇ ਵਿੱਤ ਮੰਤਰੀ ਦੇ ਸਾਬਕਾ ਸਾਥੀ ਨੇ ਉਸ ਉੱਤੇ ਉਂਗਲ ਚੁੱਕੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੀ ਚਿੱਠੀ ਵਿੱਚ ਬਠਿੰਡਾ ਦਿਹਾਤੀ ਹਲਕੇ ਦੇ ਇੰਚਾਰਜ ਹਰਵਿੰਦਰ ਸਿੰਘ ਲਾਡੀ ਨੇ ਇਸ ਕੇਸ ਵਿੱਚ ਨਾ ਸਿਰਫ਼ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸਗੋਂ ਉਨ੍ਹਾਂ ਦੇ ਪੁੱਤਰ ਅਰਜੁਨ ਬਾਦਲ ਤਅੇ ਰਿਸ਼ਤੇਦਾਰ ਜੈਜੀਤ ਸਿੰਘ ਜੌਹਲ ਨੂੰ ਵੀ ਘੜੀਸਿਆ ਹੈ। ਆਪਣੇ ਕੁਝ ਸਾਥੀਆਂ ਰਾਹੀਂ ਸ਼ੋਸਲ ਮੀਡੀਆ ਉੱਤੇ ਜਾਰੀ ਕੀਤੇ ਇਸ ਪੱਤਰ ਵਿੱਚ ਇਸ ਕਾਂਗਰਸੀ ਆਗੂ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘਅਤੇ ਉਸ ਦੇ ਪ੍ਰਵਾਰ ਉਤੇ ਸ਼ਹਿਰ ਵਿੱਚ ਪਲਾਟਾਂ ਉਤੇ ਨਜਾਇਜ਼ ਕਬਜ਼ਿਆਂ, ਨਜਾਇਜ਼ ਇਮਾਰਤਾਂ ਦੀਆਂ ਉਸਾਰੀਆਂ ਅਤੇ ਗੁੰਡਾ ਟੈਕਸ ਵਸੂਲਣ ਦੇ ਦੋਸ਼ ਲਾਏ ਹਨ। ਇਹੀ ਨਹੀਂ, ਲਾਡੀ ਨੇ ਸ਼ਹਿਰ ਦੇ ਹਸਪਤਾਲਾਂ ਤੋਂ ਵੀ ਕੋਰੋਨਾ ਦੇ ਦੌਰ ਵਿੱਚ ਮਹੀਨਾ ਲੈਣ ਦੇ ਦੋਸ਼ ਲਾਏ ਹਨ।ਉਨ੍ਹਾਂ ਨੇ ਇਸਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਅਤੇ ਇਸ ਪੱਤਰ ਦੀ ਕਾਪੀ ਕਾਂਗਰਸ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਤੋਂ ਲੈ ਕੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਟ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜਅਤੇ ਇੱਥੋਂ ਤੱਕ ਕਿ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜ ਚੁੱਕੇ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਵੀ ਭੇਜੀ ਹੈ। ਉਨ੍ਹਾਂ ਆਪਣੇ ਪੱਤਰ ਵਿੱਚ ਸਾਰੇ ਬਾਦਲਾਂ ਦੇ ਆਪਸ ਵਿੱਚ ਮਿਲੇ ਹੋਣ ਦਾ ਵੀ ਇਸ਼ਾਰਾ ਕੀਤਾ ਹੈ।

# ਰਿਲਾਇੰਸ ਸਟੋਰ ਮਾਲਕਾਂ ਵੱਲੋਂ ਸਟੋਰ ਖੋਲ੍ਹਣ ਵਿੱਚ ਮੱਦਦ ਲਈ ਮੁੱਖ ਮੰਤਰੀ ਨੂੰ ਮੰਗ ਪੱਤਰ


ਚੰਡੀਗੜ੍ਹ, 1 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿੱਚ ਆਪਣੇ ਵੱਖ-ਵੱਖ ਕਾਰੋਬਾਰ ਚਲਾਉਣ ਲਈ ਰਿਲਾਇੰਸ ਕੰਪਨੀ ਨੂੰ ਆਪਣੇ ਸਥਾਨ ਕਿਰਾਏ ਉੱਤੇ ਦੇਣ ਵਾਲੇ ਸਟੋਰ ਅਤੇ ਬਿਲਡਿੰਗ ਮਾਲਕਾਂ ਨੇ ਕੱਲ੍ਹ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਂ ਮੰਗ ਪੱਤਰ ਉਨ੍ਹਾਂ ਦੇ ਓ ਐਸ ਡੀ ਸੰਦੀਪ ਸਿੰਘ ਬਰਾੜ ਸੌਂਪਿਆ। ਇਨ੍ਹਾਂ ਲੋਕਾਂ ਨੇ ਮੁੱਖ ਮੰਤਰੀ ਤੋਂ ਇਸ ਵਿੱਚ ਦਖ਼ਲ ਦੇਣ ਤੇ ਸਬੰਧਤ ਅਧਿਕਾਰੀਆਂ ਨੂੰ ਕਾਨੂੰਨ ਅਤੇ ਵਿਵਸਥਾ ਯਕੀਨੀ ਕਰਨ ਦਾ ਹੁਕਮ ਦੇਣ ਦੀ ਮੰਗ ਕੀਤੀ, ਤਾਂ ਕਿ ਉਨ੍ਹਾਂ ਨੂੰ ਆਪਣੇ ਸਟੋਰ ਸੁਰੱਖਿਅਤ ਤੌਰ ਉੱਤੇ ਖੋਲ੍ਹਣ ਦੀ ਆਗਿਆ ਮਿਲ ਸਕੇ।



ਸਟੋਰ ਮਾਲਕਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਕਿਸਾਨ ਅੰਦੋਲਨ ਕਾਰਨ ਪਿਛਲੇ 8 ਮਹੀਨਿਆਂ ਤੋਂ ਰਿਲਾਇੰਸ ਸਟੋਰ ਬੰਦ ਕਰਵਾ ਦਿੱਤੇ ਗਏ ਹਨ। ਰਿਲਾਇੰਸ ਦੇ ਪੰਜਾਬ ਵਿੱਚ ਕਰੀਬ 275 ਸਟੋਰ ਹਨ ਅਤੇ ਸਾਰੇ ਬੰਦ ਹਨ। ਇਸ ਬਾਰੇ ਕਪੂਰਥਲਾ ਦੇ ਪ੍ਰਭਨੂਰ ਸਿੰਘ ਵਾਲੀਆ, ਜਗਰਾਓਂ ਦੇ ਧਰਮਪਾਲ ਨੈਨ, ਜਲੰਧਰ ਦੇ ਨਿਰਮਲ ਸਿੰਘ ਤੇ ਤਰਨਤਾਰਨ ਦੇ ਮਾਨਵ ਸੰਧੂ ਨੇ ਕਿਹਾ ਕਿ ਸਾਨੂੰ ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ, ਕਿਉਂਕਿ ਬੈਂਕਾਂ ਤੋਂ ਕਰਜ਼ੇ ਲੈ ਕੇ ਖਰੀਦੀਆਂ ਅਤੇ ਬਣਾਈਆਂ ਬਿਲਡਿੰਗਾਂ ਦੀਆਂ ਕਿਸ਼ਤਾਂ, ਹਾਊਸ ਟੈਕਸ ਅਤੇ ਬਿਜਲੀ-ਪਾਣੀ ਦੇ ਬਿੱਲਾਂ ਦਾ ਭੁਗਤਾਨ ਸਟੋਰ ਬੰਦ ਹੋਣ ਦੇ ਬਾਵਜੂਦ ਵੀ ਕਰਨਾ ਪੈ ਰਿਹਾ ਹੈ। ਜੇ ਸਟੋਰ ਖੋਲ੍ਹਦੇ ਹਾਂ ਤਾਂ ਕਿਸਾਨ ਯੂਨੀਅਨਾਂ ਵੱਲੋਂ ਗੰਭੀਰ ਨਤੀਜੇ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਪੁਲਸ ਅਤੇ ਜ਼ਿਲ੍ਹਿਆਂ ਦੇ ਪ੍ਰਸ਼ਾਸਕੀ ਅਧਿਕਾਰੀ ਸ਼ਿਕਾਇਤਾਂ ਦੇ ਬਾਵਜੂਦ ਕੁਝ ਨਹੀਂ ਕਰਦੇ।

## ਐਲੋਪੈਥੀ ਵਿਵਾਦ ਵਿਚ ਸੁਪਰੀਮ ਕੋਰਟ ਨੇ ਰਾਮਦੇਵ ਨੂੰ ਬਿਆਨ ਦੀ ਅਸਲ ਰਿਕਾਰਡਿੰਗ ਪੇਸ਼ ਕਰਨ ਲਈ ਕਿਹਾ

ਨਵੀਂ ਦਿੱਲੀ, 1 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਬਾਬਾ ਰਾਮਦੇਵ ਨੂੰ ਕੋਵਿਡ-19 ਮਹਾਂਮਾਰੀ ਦੌਰਾਨ ਐਲੋਪੈਥਿਕ ਦਵਾਈਆਂ ਦੀ ਵਰਤੋਂ ਬਾਰੇ ਆਪਣੇ ਬਿਆਨ ਦੀ ਅਸਲ ਰਿਕਾਰਡਿੰਗ ਪੇਸ਼ ਕਰਨ ਨੂੰ ਕਿਹਾ ਹੈ।



ਚੀਫ਼ ਜਸਟਿਸ ਐਨ ਵੀ ਰਾਮੰਨਾ, ਜਸਟਿਸ ਏ ਐਸ ਬੋਪੰਨਾ ਅਤੇ ਜਸਟਿਸ ਰਿਸ਼ੀਕੇਸ਼ ਰਾਏ ਦੀ ਬੈਂਚ ਨੇ ਰਾਮਦੇਵਦੇ ਕੇਸ ਦੀ ਪੈਰਵੀ ਕਰ ਰਹੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੂੰ ਪੁੱਛਿਆ: 'ਰਾਮਦੇਵਨੇ ਅਸਲ ਵਿੱਚ ਕੀ ਕਿਹਾ ਹੈ? ਤੁਸੀਂ ਸਾਰੀ ਗੱਲ ਪੇਸ਼ ਨਹੀਂ ਕੀਤੀ।' ਰੋਹਤਗੀ ਨੇ ਬੈਂਚ ਨੂੰ ਕਿਹਾ ਕਿ ਉਹ ਇਹ ਸਪੱਸ਼ਟ ਕਰਨ ਦੇ ਨਾਲ ਅਸਲ ਵੀਡੀਓ ਪੇਸ਼ ਕਰਨਗੇ।ਬੈਂਚ ਨੇ ਕਿਹਾ, ''ਠੀਕ ਹੈ।'' ਇਸ ਦੇ ਨਾਲ ਕੇਸ ਨੂੰ ਪੰਜ ਜੁਲਾਈ ਤਕ ਲਈ ਮੁਲਤਵੀ ਕਰ ਦਿੱਤਾ ਗਿਆ।

ਅਦਾਲਤ ਬਾਬਾ ਰਾਮਦੇਵ ਦੀ ਉਸ ਅਰਜ਼ੀ ਉੱਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਕੋਰੋਨਾ ਮਹਾਂਮਾਰੀ ਦੌਰਾਨ ਐਲੋਪੈਥਿਕ ਦਵਾਈ ਦੀ ਵਰਤੋਂ ਵਿਰੁੱਧ ਕੀਤੀ ਰਾਮਦੇਵ ਦੀ ਟਿੱਪਣੀ ਲਈ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐਮ ਏ) ਨੇਬਿਹਾਰ ਅਤੇ ਛੱਤੀਸਗੜ੍ਹ ਵਿੱਚ ਉਸ ਵਿਰੁੱਧ ਕਈ ਕੇਸ ਦਰਜ ਕਰਵਾਏ ਅਤੇ ਰਾਮਦੇਵ ਨੇ ਕਾਰਵਾਈ ਉੱਤੇ ਰੋਕ ਲਾਉਣ ਦੀ ਬੇਨਤੀ ਕੀਤੀ ਹੈ। ਆਪਣੀ ਪਟੀਸ਼ਨ ਵਿੱਚ ਰਾਮਦੇਵ ਨੇ ਪਟਨਾ ਤੇ ਰਾਏ-ਪੁਰ ਵਿੱਚ ਦਰਜ ਕੇਸਾਂ ਨੂੰ ਦਿੱਲੀ ਤਬਦੀਲ ਕਰਨ ਦੀ ਬੇਨਤੀ ਵੀ ਕੀਤੀ ਹੈ। ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਮੌਕੇ ਰੋਹਤਗੀ ਨੇ ਬੈਂਚ ਨੂੰ ਕਿਹਾ ਕਿ ਰਾਮਦੇਵ ਉਘੇ ਵਿਅਕਤੀ ਅਤੇ ਯੋਗ ਅਤੇ ਆਯੁਰਵੈਦ ਦੇ ਸਮਰਥਕ ਹਨ। ਰੋਹਤਗੀ ਨੇ ਕਿਹਾ ਕਿ ਰਾਮਦੇਵ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦੇ ਦਿੱਲ ਵਿੱਚ ਡਾਕਟਰਾਂ ਅਤੇ ਕਿਸੇ ਹੋਰ ਦੇ ਵੀ ਵਿਰੁੱਧ ਕੁਝ ਨਹੀਂ ਹੈ।

# ਬੱਚੀ ਦੀ ਮੱਦਦ ਲਈ ਇੱਕ ਲੱਖ ਵੀਹ ਹਜ਼ਾਰ ਵਿੱਚ ਅੰਬ ਖਰੀਦ ਲਏ

ਜਮਸ਼ੇਦਪੁਰ, 1 ਜੁਲਾਈ (ਪੋਸਟ ਬਿਊਰੋ)- ਆਪਣੀ ਪੜ੍ਹਾਈ ਜਾਰੀ ਰੱਖਣ ਲਈ ਸੜਕ ਉਤੇ ਅੰਬ ਵੇਚ ਕੇ ਸਮਾਰਟਫੋਨ ਲਈ ਪੈਸੇ ਜਮ੍ਹਾਂ ਕਰ ਰਹੀ ਜਮਸ਼ੇਦਪੁਰ ਦੀ 12 ਸਾਲ ਦੀ ਤੁਲਸੀ ਦੇ ਸੁਫਨਿਆਂ ਰਸਤਾ ਮਿਲ ਗਿਆ ਹੈ।

ਮੁੰਬਈ ਦੀ ਕੰਪਨੀ ਵੈਲਿਊਏਬਲ ਐਡੂਟੇਨਮੈਂਟ ਪ੍ਰਾਈਵੇਟ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਮਯ ਹੇਟੇ ਨੂੰ ਉਸ ਦੀ ਪੁਕਾਰ ਦਾ ਪਤਾ ਲੱਗਾ ਤਾਂ ਹੇਟੇ ਨੇ ਤੁਲਸੀ ਦੇ ਇੱਕ ਦਰਜਨ ਅੰਬ ਇੱਕ ਲੱਖ ਵੀਹ ਹਜ਼ਾਰ ਰੁਪਏ ਵਿੱਚ ਖਰੀਦ ਕੇ ਉਸ ਦੀ ਮੱਦਦ ਕੀਤੀ ਹੈ। ਹੇਟੇ ਨੇ ਨਕਦ ਪੈਸਿਆਂ ਦੇ ਨਾਲ ਤੁਲਸੀ ਨੂੰ ਇੱਕ ਸਮਾਰਟਫੋਨ ਵੀ ਭੇਜਿਆ ਹੈ। ਨਾਲ ਹੀ ਉਸ ਵਿੱਚ ਦੋ ਸਾਲ ਤੱਕ ਲਈ ਇੰਟਰਨੈਟ ਪੈਕ ਪਵਾ ਦਿੱਤਾ ਹੈ।ਜਮਸ਼ੇਦਪੁਰ ਦੇ ਬਿਸ਼ਟੂਪੁਰ ਦੀ ਬਾਗਮਤੀ ਰੋਡ ਇਲਾਕੇ ਵਿੱਚ ਇੱਕ ਸਰਕਾਰੀ ਬੰਗਲੇ ਦੇ ਆਊਟ-ਹਾਊਸ ਵਿੱਚ ਤੁਲਸੀ ਦਾ ਪਰਵਾਰ ਰਹਿੰਦਾ ਹੈ। ਕੋਰੋਨਾ ਦੇ ਕਾਰਨ ਤੁਲਸੀ ਦੇ ਪਿਤਾ ਦੀ ਨੌਕਰੀ ਚਲੀ ਗਈ ਤੇ ਉਸ ਦਾ ਸਕੂਲ ਵੀ ਬੰਦ ਹੋ ਗਿਆ। ਤੁਲਸੀ ਪੜ੍ਹ-ਲਿਖ ਕੇ ਅਫਸਰ ਬਣਨਾ ਚਾਹੁੰਦੀ ਹੈ, ਪਰ ਆਨਲਾਈਨ ਪੜ੍ਹਾਈ ਲਈ ਸਮਾਰਟਫੋਨ ਜ਼ਰੂਰੀ ਸੀ। ਪਿਤਾ ਦੇ ਕੋਲ ਇੰਨੇ ਪੈਸੇ ਨਹੀਂ ਹਨ ਕਿ ਉਹ ਤੁਲਸੀ ਦੇ ਲਈ ਸਮਾਰਟਫੋਨ ਖਰੀਦ ਸਕੇ। ਇਸ ਲਈ ਉਹ ਸੜਕ ਕੰਢੇ ਰੁੱਖਾਂ ਤੋਂ ਪੱਕ ਕੇ ਡਿੱਗੇ ਅੰਬ ਵੇਚ ਕੇ ਸਮਾਰਟਫੋਨ ਦੇ ਲਈ ਪੈਸੇ ਜਮ੍ਹਾ ਕਰਨ ਲੱਗੀ। ਜਮਸ਼ੇਦਪੁਰ ਦੀ ਵਰਸ਼ਾ ਜਹਾਂਗੀਰਦਾਰ ਨੂੰ ਪਤਾ ਲੱਗਾ ਕਿ ਤੁਲਸੀ ਅੰਬ ਵੇਚ ਰਹੀ ਹੈ, ਤਾਂ ਕਿ ਘੱਟੋ ਘੱਟ ਪੰਜ ਹਜ਼ਾਰ ਰੁਪਏ ਇਕੱਠੇ ਕਰ ਕੇ ਪੜ੍ਹਾਈ ਦੇ ਲਈ ਸਮਾਰਟਫੋਨ ਖਰੀਦ ਸਕੇ। ਵਰਸ਼ਾ ਨੇ ਤੁਲਸੀ ਦੀ ਤਕਲੀਫ ਨੂੰ ਇੰਟਰਨੈਟ ਮੀਡੀਆ ਉੱਤੇ ਸਾਂਝਾ ਕੀਤਾ। ਮੁੰਬਈ ਦੀ ਇੱਕ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਅਮਯ ਹੇਟੇ ਤਕ ਗੱਲ ਪਹੁੰਚੀ ਤਾਂ ਉਨ੍ਹਾਂ ਨੇ ਤੁਲਸੀ ਦਾ ਫੋਨ ਨੰਬਰ ਪਤਾ ਕੀਤਾ ਅਤੇ ਉਸ ਦੇ ਪਿਤਾ ਨੂੰ ਕਿਹਾ ਕਿ ਉਹ ਤੁਲਸੀ ਦੇ ਇੱਕ ਦਰਜਨ ਅੰਬ 1.20 ਲੱਖ ਰੁਪਏ ਵਿੱਚ ਖਰੀਦ ਰਹੇ ਹਨ। ਹੇਟੇ ਨੇ ਤੁਲਸੀ ਦੇ ਪਿਤਾ ਦੇ ਬੈਂਕ ਖਾਤੇ ਵਿੱਚ ਰੁਪਏ ਭੇਜ ਦਿੱਤੇ।



## ਬੈਟ ਵੂਮੈਨ ਦਾ ਚੀਨੀ ਫੌਜ ਦੇ ਵਿਗਿਆਨੀਆਂ ਨਾਲ ਸਿੱਧਾ ਸਬੰਧ ਨਿਕਲਿਆ

ਬੀਜਿੰਗ, 1 ਜੁਲਾਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਖੋਜ ਵਿੱਚ ਮੱਦਦ ਕਰ ਰਹੀ ਵੂਹਾਨ ਇੰਸਟੀਚਿਊਟ ਆਫ ਵਾਇਰੋਲਾਜੀ ਦੀ ਸੀਨੀਅਰ ਚੀਨੀ ਵਾਇਰੋਲਾਜਿਸਟ ਦਾ ਸਿੱਧਾ ਸਬੰਧ ਚੀਨੀ ਫੌਜ ਦੇ ਵਿਗਿਆਨੀਆਂ ਨਾਲ ਹੋਣ ਬਾਰੇ ਪਤਾ ਲੱਗਿਆ ਹੈ, ਜਿਸ ਬਾਰੇ ਹਰ ਪਾਸੇ ਚਰਚਾ ਹੋ ਰਹੀ ਹੈ।



ਫਾਕਸ ਨਿਊਜ਼ ਦੇ ਮੁਤਾਬਕ ਬੀਤੇ ਮਾਰਚ ਵਿੱਚ ਵੂਹਾਨ ਦੀ ਵਾਇਰਸ ਵਿਗਿਆਨੀ ਡਾਕਟਰ ਸ਼ੀ ਝੇਂਗਲੀ (ਬੈਟ ਵੂਮੈਨ) ਨੇ ਕੋਰੋਨਾ ਵਾਇਰਸ ਵਾਲੇ ਚਮਗਿੱਦੜਾਂ ਉੱਤੇ ਤਜਰਬਾ ਕਰਕੇ ਕਿਹਾ ਸੀ ਕਿ ਇਸ ਤਰ੍ਹਾਂ ਦੀਆਂ ਖੋਜਾਂ ਦਾ ਵੂਹਾਨ ਇੰਸਟੀਚਿਊਟ ਨਾਲ ਕੋਈ ਲੈਣਾ-ਦੇਣਾ ਨਹੀਂ, ਪਰ ਪਿੱਛੋਂ ਪਤਾ ਲੱਗਾ ਕਿ ਡਾਕਟਰ ਸ਼ੀ ਝੇਂਗਲੀ ਦਾ ਸਬੰਧ ਚੀਨੀ ਫੌਜ ਦੇ ਵਿਗਿਆਨੀ ਟੋਨ ਯਿਗਾਂਗ ਨਾਲ ਹੈ,ਜਿਨ੍ਹਾਂ ਨੇ ਮਿਲ ਕੇ ਸਾਲ 2018 ਵਿੱਚ ਕੋਰੋਨਾ ਵਾਇਰਸ ਉੱਤੇਅਧਿਅਨ ਕੀਤਾ ਅਤੇ ਫਿਰ ਸ਼ੀ ਨੇ ਸਾਲ 2019 ਵਿੱਚ ਇੱਕ ਹੋਰ ਫੌਜੀ ਵਿਗਿਆਨੀ ਝੋਊ ਯੁਸੇਨ ਨਾਲ ਮਿਲ ਕੇ ਕੋਰੋਨਾ ਵਾਇਰਸ ਉੱਤੇ ਕੰਮ ਕੀਤਾ ਸੀ। ਇਸ ਤੋਂ ਬਾਅਦ ਸਾਲ 2020 ਵਿੱਚ ਛਪੇ ਇੱਕ ਲੇਖ ਵਿੱਚ ਦੱਸਿਆ ਗਿਆ ਹੈ ਕਿ ਚੀਨੀ ਫੌਜ ਦੇ ਵਿਗਿਆਨੀ ਝੋਊ ਦਾ ਦਿਹਾਂਤ ਹੋ ਗਿਆ, ਪਰ ਉਨ੍ਹਾਂ ਦੀ ਮੌਤ ਦੇ ਕਾਰਨਾਂ ਦਾ ਅੱਜ ਤਕ ਪਤਾ ਨਹੀਂ ਲੱਗਿਆ।

ਕੋਵਿਡ-19 ਦੀ ਲੈਬ ਲੀਕ ਦੇ ਸਿਧਾਂਤ ਦੇ ਪੱਖ ਵਿੱਚ ਇੱਕ ਹੋਰ ਨਿਊਜ਼ ਰਿਪੋਰਟ ਮੁਤਾਬਕ ਚੀਨ ਨੇ ਆਪਣੇ ਅਧਿਅਨ ਦਾ ਸ਼ੁਰੂ ਡਾਟਾ ਡਿਲੀਟ ਕਰ ਦਿੱਤਾਹੋ ਸਕਦਾ ਹੈ ਤਾਂ ਜੋ ਉਸ ਦੇ ਮੂਲ ਸਰੋਤ ਦਾ ਪਤਾ ਨਾ ਲੱਗ ਸਕੇ, ਇਸ ਲਈ ਇਹ ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਦੀ ਜਾਂਚ ਨੂੰ ਗੁੰਮਰਾਹ ਕਰ ਸਕਿਆ ਹੈ।ਇਸ ਤੋਂ ਪਹਿਲਾਂ ਵਾਲ ਸਟਰੀਟ ਜਰਨਲ ਦੀ ਜਾਂਚ ਵਿੱਚ ਪਤਾ ਲੱਗਾ ਕਿ ਚੀਨ ਉੱਤੇ ਲਗਾਤਾਰ ਜਾਂਚ ਦਾ ਦਬਾਅ ਸੀ ਜਿਸ ਨੂੰ ਉਹ ਦੂਜਿਆਂ ਉੱਤੇ ਮੜ੍ਹਨਾ ਚਾਹੁੰਦਾ ਸੀ। ਚੀਨ ਨੇ ਕਈ ਮਹੀਨੇ ਜਾਂਚ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਕੀਤੇ ਵੀਟੋ ਨਾਲ ਆਪਣੇ ਪੱਖ ਵਿੱਚ ਕੀਤਾ। ਨਾਲ ਹੀ ਉਹ ਇਸ ਜਾਂਚ ਦੇ ਘੇਰੇ ਵਿੱਚ ਹੋਰ ਦੇਸ਼ਾਂ ਨੂੰ ਵੀ ਲਿਆਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ।

## ਸੜਕ ਹਾਦਸੇ ਵਿੱਚ ਚਾਰ ਮਜ਼ਦੂਰਾਂ ਦੀ ਮੌਤ, ਚਾਰ ਜ਼ਖ਼ਮੀ

ਜੰਮੂ, 1 ਜੁਲਾਈ (ਪੋਸਟ ਬਿਊਰੋ)- ਸ਼੍ਰੀਨਗਰ ਨੈਸ਼ਨਲ ਹਾਈਵੇ ਉੱਤੇਰਾਮਬਨ ਜ਼ਿਲ੍ਹੇ ਹੇਠਲੇ ਖ਼ੂਨੀ ਨਾਲਾ ਖੇਤਰ ਵਿੱਚ ਕੱਲ੍ਹ ਸਵੇਰੇ ਇੱਕ ਵਾਹਨ ਡੂੰਘੀ ਖੱਡ ਵਿੱਚ ਡਿੱਗਣ ਨਾਲ ਚਾਰ ਮਜ਼ਦੂਰਾਂ ਦੀ ਮੌਤ ਹੋ ਗਈ ਤੇ ਚਾਰ ਹੋਰ ਜ਼ਖ਼ਮੀ ਹੋ ਗਏ ਹਨ। ਇਸ ਹਾਦਸੇ ਵਿੱਚ ਕੁਝ ਮਜ਼ਦੂਰ ਲਾਪਤਾ ਵੀ ਹਨ, ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਟ-ਭੱਠਿਆਂ ਉੱਤੇ ਕੰਮ ਕਰ ਰਹੇ ਛੱਤੀਸਗੜ੍ਹ ਦੇ ਮਜ਼ਦੂਰ ਮਹਿੰਦਰਾ ਵਾਹਨ ਵਿੱਚ ਸਵਾਰ ਹੋ ਕੇ ਜੰਮੂ ਤੋਂ ਸ਼੍ਰੀਨਗਰ ਜਾ ਰਹੇ ਸਨ। ਜਦੋਂ ਗੱਡੀ ਰਮਬਨ ਜ਼ਿਲ੍ਹੇ ਦੇ ਜੰਮੂ-ਸ਼੍ਰੀਨਗਰ ਨੈਸ਼ਨਲ ਹਾਈਵੇਅ ਉੱਤੇ ਸਵੇਰੇ ਪੰਜ ਵਜੇ ਦੇ ਕਰੀਬ ਖ਼ੂਨੀ ਨਾਲਾ ਖੇਤਰ ਵਿੱਚ ਪਹੁੰਚੀ ਤਾਂ ਅਚਾਨਕ ਚਾਲਕ ਦੇ ਕੰਟਰੋਲ ਤੋਂ ਬਾਹਰ ਹੋ ਕੇ ਡੂੰਘੀ ਖੱਡ ਵਿੱਚ ਡਿੱਗ ਗਈ। ਇਸ ਹਾਦਸੇ ਵਿੱਚ ਚਾਰ ਮਜ਼ਦੂਰਾਂ ਦੀ ਮੌਤ ਦੀ ਖ਼ਬਰ ਹੈ ਅਤੇ ਚਾਰ ਹੋਰ ਜ਼ਖ਼ਮੀ ਹੋ ਗਏ। ਇਨ੍ਹਾਂ ਦਾ ਇਲਾਜ ਰਾਮਬਨ ਦੇ ਜ਼ਿਲ੍ਹਾ ਹਸਪਤਾਲ ਵਿਖੇ ਚੱਲ ਰਿਹਾ ਹੈ।

# ਕੁਲਗਾਮ ਵਿਖੇ ਮੁਕਾਬਲੇ 'ਚ ਟੀ ਆਰ ਐਫ ਦੇ ਤਿੰਨ ਅੱਤਵਾਦੀ ਮਾਰੇ

ਸ਼੍ਰੀਨਗਰ, 1 ਜੁਲਾਈ (ਪੋਸਟ ਬਿਊਰੋ)- ਕਸ਼ਮੀਰ ਵਿੱਚ ਸੁਰੱਖਿਆ ਬਲਾਂ ਨੇ ਆਪਣੀ ਅੱਤਵਾਦ ਵਿਰੋਧੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਕੱਲ੍ਹ ਚਿੰਮਰ (ਕੁਲਗਾਮ) ਵਿੱਚ ਦ ਰਜਿਸਟੈਂਸ ਫਰੰਟ (ਟੀ ਆਰ ਐਫ) ਦੇ ਤਿੰਨ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ ਅਤੇ ਇਸ ਮੁਕਾਬਲੇ ਵਿੱਚ ਦੋ ਫੌਜੀ ਜਵਾਨ ਵੀ ਜ਼ਖਮੀ ਹੋਏ ਹਨ।

ਪੁਲਸ ਦੇ ਬੁਲਾਰੇ ਅਨੁਸਾਰ ਮਾਰੇ ਗਏ ਅੱਤਵਾਦੀ ਵਸੀਮ ਅਹਿਮਦ ਬਾਂਗਰੂ ਉਰਫ ਸ਼ਿਰਾਜ, ਸ਼ਹਨਵਾਜ਼ ਅਹਿਮਦ ਅਤੇ ਜ਼ਾਕਿਰ ਬਸ਼ੀਰ ਸਥਾਨਕ ਹਨ। ਜ਼ਾਕਿਰ ਕੁਝ ਦਿਨ ਪਹਿਲਾਂ ਅੱਤਵਾਦੀ ਬਣਿਆ ਸੀ। ਇਨ੍ਹਾਂ ਅੱਤਵਾਦੀਆਂ ਤੋਂ ਇੱਕ ਅਸਾਲਟ ਰਾਈਫਲ, ਦੋ ਪਿਸਤੌਲ ਅਤੇ ਤਿੰਨ ਗ੍ਰੇਨੇਡ ਵੀ ਮਿਲੇ ਹਨ।ਬੁਲਾਰੇ ਨੇ ਦੱਸਿਆ ਕਿ ਪੁਲਸ ਨੇ ਫੌਜ ਅਤੇ ਕੇਂਦਰੀ ਰਿਜ਼ਰਵ ਪੁਲਸ ਬਲ (ਸੀ ਆਰ ਪੀ ਐਫ) ਦੇ ਜਵਾਨਾਂ ਦੇ ਨਾਲ ਮਿਲ ਕੇ ਕੁਲਗਾਮ ਦੇ ਚਿੰਮਰ ਵਿੱਚ ਲੁਕੇ ਅੱਤਵਾਦੀਆਂ ਨੂੰ ਫੜਨ ਦੇ ਲਈ ਦੁਪਹਿਰੇ ਇੱਕ ਮੁਹਿੰਮ ਚਲਾਈ। ਜਵਾਨ ਜਦੋਂ ਹੀ ਪਿੰਡ ਦੇ ਬਾਹਰ ਵਾਰ ਸਥਿਤ ਇੱਕ ਬਾਗ ਨਾਲ ਲੱਗਦੇ ਮੁਹ-ੱਲੇ ਨੇੜੇ ਪਹੁੰਚੇ ਤਾਂ ਅੱਤਵਾਦੀਆਂ ਨੇ ਉਨ੍ਹਾਂ ਉੱਤੇ ਫਾਇਰਿੰਗ ਕਰ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਜਵਾਨਾਂ ਨੇ ਅੱਤਵਾਦੀਆਂ ਨੂੰ ਚਾਰਾਂ ਪਾਸਿਆਂ ਤੋਂ ਘੇਰ ਕੇ ਉਨ੍ਹਾਂ ਨੂੰ ਆਤਮਸਮਰਪਣ ਕਰਨ ਦੀ ਅਪੀਲ ਕੀਤੀ। ਅੱਤਵਾਦੀ ਨਹੀਂ ਮੰਨੇ ਅਤੇ ਗੋਲੀ ਚਲਾਉਂਦੇ ਰਹੇ। ਇਸ ਉੱਤੇ ਜਵਾਨਾਂ ਨੇ ਵੀ ਜਵਾਬੀ ਫਾਇਰਿੰਗ ਕੀਤੀ।ਦੁਪਹਿਰੇਬਾਅਦ ਅੱਤਵਾਦੀਆਂ ਵੱਲੋਂ ਗੋਲੀਬਾਰੀ ਬੰਦ ਹੋ ਗਈ। ਜਵਾਨਾਂ ਨੇ ਜਦ ਅੱਗੇ ਜਾ ਕੇ ਤਲਾਸ਼ੀ ਲਈ ਤਾਂ ਦੋ ਅੱਤਵਾਦੀਆਂ ਦੀਆਂ ਲਾਸ਼ਾਂ ਤੇ ਹਥਿਆਰ ਮਿਲੇ। ਸ਼ਾਮ ਕਰੀਬ ਪੰਜ ਵਜੇ ਜਦ ਜਵਾਨ ਹੋਰ ਅੱਤਵਾਦੀਆਂ ਦੇ ਉਥੇ ਕਿਤੇ ਲੁਕੇ ਹੋਣ ਦੇ ਸ਼ੱਕ ਉੱਤੇ ਬਾਗ ਵਿੱਚ ਤਲਾਸ਼ੀ ਲੈਣ ਲਈ ਅੱਗੇ ਵਧੇ ਤਾਂ ਉਥੇ ਲੁਕੇ ਇੱਕ ਹੋਰ ਅੱਤਵਾਦੀ ਨੇ ਗੋਲੀ ਚਲਾ ਦਿੱਤੀ। ਇਸ ਵਿੱਚ ਦੋ ਫੌਜੀ ਜਵਾਨ ਜ਼ਖਮੀ ਹੋ ਗਏ। ਬਾਕੀ ਜਵਾਨਾਂ ਨੇ ਜਵਾਬੀ ਫਾਇਰਿੰਗ ਕੀਤੀ। ਜ਼ਖਮੀ ਫੌਜੀ ਜਵਾਨਾਂ ਨੂੰ ਇਲਾਜ ਲਈ ਸ਼੍ਰੀਨਗਰ ਫੌਜ ਦੇ ਹਸਪਤਾਲ ਵਿੱਚ ਇਲਾਜ ਦੇ ਲਈ ਲਿਜਾਇਆ ਗਿਆ। ਸ਼ਾਮ ਕਰੀਬ ਪੌਣੇ ਛੇ ਵਜੇ ਤੀਸਰਾ ਅੱਤਵਾਦੀ ਵੀ ਮਾਰਿਆ ਗਿਆ।

**ਵਰਕਰ ਦੀ ਲੋੜ**

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

**ਸੰਪਰਕ: 416-816-1695**

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also


Sponsor Your Family

MacroGlobal Immigration Services Ltd. Seema Bhayana

iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com



# ਸੰਪਾਦਕੀ

## ਬਦਲਵੇਂ ਸੰਦਰਭ ਵਿੱਚ ਪੰਜਾਬੀ ਪੋਸਟ ਸਥਾਪਨਾ ਦਿਵਸ ਅਤੇ ਕੈਨੇਡਾ ਡੇਅ ਦਾ ਮਹੱਤਵ

### ਪੰਜਾਬੀ ਪੋਸਟ ਸੰਪਾਦਕੀ ਟਿੱਪਣੀ

ਕੱਲ ਅਸੀਂ ਕੈਨੇਡਾ ਦਾ 154ਵਾਂ ਦਿਵਸ ਮਨਾਇਆ ਅਤੇ ਕੈਨੇਡੀਅਨ ਪੰਜਾਬੀ ਪੋਸਟ ਦਾ ਇਹ 19ਵਾਂ ਜਨਮ ਦਿਵਸ ਸੀ। ਸਮੇਂ ਦੀ ਰਫਤਾਰ ਸਾਹਵੇਂ ਵੱਡੀਆਂ ਵੱਡੀਆਂ ਸੰਸਥਾਵਾਂ ਅਤੇ ਸੱਭਿਆਤਾਵਾਂ ਵਿੱਚ ਤਬਦੀਲੀ ਆਉਂਦੀ ਹੈ। ਕਿਸੇ ਵੇਲੇ ਸੱਭਿਆਚਾਰਕ ਤਬਦੀਲੀ ਦੇ ਨਾਮ ਉੱਤੇ ਇੱਕ ਸੱਭਿਆਚਾਰਕ ਸੋਚ ਵੱਲੋਂ ਕੈਨੇਡਾ ਦੀ ਜੱਦੀ ਧਿਰ ਨੂੰ ਉਜੱਡ ਅਤੇ ਨਿਮਾਣੀ ਸਮਝ ਉਸ ਉੱਤੇ ਆਪਣਾ ਅਧਿਕਾਰ ਜਮਾਉਣ ਵਾਸਤੇ ਰੈਜ਼ੀਡੈਂਸ਼ੀਅਲ ਸਕੂਲਾਂ ਦੀ ਸਥਾਪਨਾ ਕੀਤੀ। ਉਸ ਵੇਲੇ ਦੇ ਹੁਕਮਰਾਨਾਂ ਅਤੇ ਹੁਕਮਰਾਨਾਂ ਦੇ ਹੱਥ ਆਈਆਂ ਸੰਸਥਾਵਾਂ ਨੇ ਸੋਚਿਆ ਤੱਕ ਨਹੀਂ ਹੋਵੇਗਾ ਕਿ ਤਤਕਾਲ ਸਮੇਂ ਵਿੱਚ ਕੀਤੀਆਂ ਵਧੀਕੀਆਂ ਦਾ ਮੁਆਵਜ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਸ਼ਚਾਤਾਪ ਦੇ ਰੂਪ ਵਿੱਚ ਹੰਢਾਉਣਾ ਪਵੇਗਾ। ਇਸ ਸਾਲ ਕੈਨੇਡਾ ਡੇਅ ਉਸ ਪਸ਼ਚਾਤਾਪ ਦਾ ਸੂਚਕ ਹੈ ਜੋ ਬੀਤੇ ਵਿੱਚ ਕੀਤੇ ਜ਼ੁਲਮ ਦਾ ਅਗਲੀਆਂ ਪੀੜ੍ਹੀਆਂ ਨੂੰ ਭੁਗਤਣਾ ਪੈਂਦਾ ਹੈ। ਇਤਿਹਾਸ ਤੋਂ ਸਬਕ ਲੈ ਕੇ ਅਸੀਂ ਵਰਤਮਾਨ ਵਿੱਚ ਕੀ ਕਰਦੇ ਹਾਂ, ਉਸਦਾ ਚੰਗਾ ਜਾਂ ਬੁਰਾ ਸਿੱਟਾ ਅਗਲੀਆਂ ਪੀੜ੍ਹੀਆਂ ਨੂੰ ਭੱਵਿਖ ਵਿੱਚ ਭੁਗਤਣਾ ਪਿਆ ਕਰਦਾ ਹੈ। ਇਸ ਲੇਖਾਂ ਦੇ ਵਰਤਾਰੇ ਨੂੰ ਭਾਰਤੀ ਅਧਿਆਤਮਕ ਖਾਸ ਕਰਕੇ ਸਿੱਖ ਫਲਸਫੇ ਵਿੱਚ 'ਕਰਮਾਂ ਸੰਦੜਾ ਖੇਤ' ਦੱਸਕੇ ਮਨੁੱਖਤਾ ਨੂੰ ਸੁਚੇਤ ਕੀਤਾ ਗਿਆ ਹੈ। ਗੁਰਬਾਣੀ ਵਿੱਚ ਦਿੱਤੀ ਇਸ ਚੇਤਾਵਨੀ ਬਾਰੇ ਕੌਣ ਕਿੰਨਾ ਗੰਭੀਰ ਹੋ ਕੇ ਸੋਚਦਾ ਹੈ, ਇਹ ਹਰ ਮਨੁੱਖ ਦੀ ਭੱਵਿਖ ਪ੍ਰਤੀ ਉਸਦੀ ਗੰਭੀਰਤਾ ਉੱਤੇ ਨਿਰਭਰ ਕਰਦਾ ਹੈ।

ਕੈਨੇਡਾ ਦੇ ਮੂਲਵਾਸੀਆਂ ਨਾਲ ਬੀਤੇ ਵਿੱਚ ਹੋਏ ਧੱਕੇ ਬਾਰੇ ਹਾਅ ਦਾ ਨਾਅਰਾ ਮਾਰਨਾ ਪੰਜਾਬੀ ਪੋਸਟ ਦਾ ਖਾਸਾ ਰਿਹਾ ਹੈ। ਪੰਜਾਬੀ ਪੋਸਟ ਨੇ ਅਜਿਹਾ ਇਸ ਲਈ ਕਦਾਚਿਤ ਨਹੀਂ ਕੀਤਾ ਕਿ ਮੂਲਵਾਸੀ ਭਾਈਚਾਰੇ ਵਿੱਚ ਇਸ ਅਖਬਾਰ ਦੇ ਪਾਠਕ ਹਨ ਜਾਂ ਉਸ ਭਾਈਚਾਰੇ ਨਾਲ ਅਖਬਾਰ ਦੇ ਕੋਈ ਵਿਉਪਾਰਕ ਹਿੱਤ ਜੁੜੇ ਹਨ। ਸਾਡੇ ਉੱਦਮ ਸਿਰਫ਼ ਇਸ ਲਈ ਰਹੇ ਕਿਉਂਕਿ ਜਿਸ ਧਰਤੀ ਉੱਤੇ ਅਸੀਂ ਪਰਵਾਸੀ ਬਾਹਰੋਂ ਆ ਕੇ ਆਪਣੇ ਬੱਚਿਆਂ ਦੇ ਚੰਗੇ ਜੀਵਨ ਦੀ ਉਸਾਰੀ ਲਈ ਦਿਨ ਰਾਤ ਇੱਕ ਕਰਦੇ ਹਾਂ, ਉਸਦੇ ਪੁੱਤਰਾਂ ਦੇ ਦੁੱਖਾਂ ਦੇ ਬਿਰਤਾਂਤ ਦੀ ਗੱਲ ਕਰਨਾ ਧਰਮ ਕਰਮ ਦਾ ਹਿੱਸਾ ਹੈ। ਜਿਵੇਂ ਇੱਕ ਪਰਿਵਾਰ ਦਾ ਇੱਕ ਜੀਅ ਦੁਖੀ ਹੋਣ ਦੀ ਸੂਰਤ ਵਿੱਚ ਸਮੁੱਚਾ ਪਰਿਵਾਰ ਸੁਖੀ ਹੋਣ ਦਾ ਕਿਆਸ ਨਹੀਂ ਕਰ ਸਕਦਾ, ਉਵੇਂ ਹੀ ਕੈਨੇਡੀਅਨ ਸਿਟੀਜ਼ਨਸ਼ਿੱਪ ਨੂੰ ਸਹੀ ਮਾਅਨਿਆਂ ਵਿੱਚ ਉਸ ਵੇਲੇ ਤੱਕ ਮਜ਼ਬੂਤ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਧਰਤੀ ਦੇ ਅਸਲ ਵਾਰਸਾਂ ਦਾ ਆਪਣੀ ਭੋਇੰ, ਆਪਣੇ ਦੇਸ਼ ਅਤੇ ਆਪਣੇ ਸਿਸਟਮ ਨਾਲ ਜੁੜਾਵ ਮਜ਼ਬੂਤ ਨਹੀਂ ਹੁੰਦਾ। ਕੈਨੇਡੀਅਨ ਪੰਜਾਬੀ ਪੋਸਟ ਵਿਖੇ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਸਾਡਾ ਸੱਭਨਾਂ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਸਾਰੇ ਰਲ ਮਿਲ ਧਰਤੀ ਦੇ ਪੁੱਤਰਾਂ ਦਾ ਕੈਨੇਡਾ ਨਾਲ ਜੁੜਾਵ ਗਹਿਰਾ ਬਣਾਉਣ ਵਿੱਚ ਬਣਦਾ ਰੋਲ ਅਦਾ ਕਰੀਏ। ਇਸ ਵਾਸਤੇ ਮੂਲਵਾਸੀਆਂ ਨਾਲ ਬੀਤੇ ਵਿੱਚ ਹੋਏ ਧੱਕੇ ਬਾਰੇ ਪਰਿਵਾਰਾਂ ਵਿੱਚ ਬੈਠ ਚਿੰਤਨ ਕਰਨਾ ਅਤੇ ਰਾਜਨੀਤਕਾਂ ਨੂੰ ਮੂਲਵਾਸੀਆਂ ਦੇ ਬਣਦੇ ਹੱਕ ਦੇਣ ਲਈ ਮਜ਼ਬੂਰ ਕਰਨਾ ਸਾਡੀ ਮਜ਼ਬੂਰੀ ਨਹੀਂ ਸਗੋਂ ਫਰਜ਼ ਹੋਣਾ ਚਾਹੀਦਾ ਹੈ। ਆਖਰ ਨੂੰ ਕੈਨੇਡਾ ਦੀ ਮਜ਼ਬੂਤ ਸਮੂਹ ਵਰਗਾਂ ਦੀ ਮਜ਼ਬੂਤੀ ਵਿੱਚ ਹੈ।

ਆਪਣੀ ਹਸਤੀ ਦੇ 19ਵੇਂ ਸਾਲ ਦੇ ਪੂਰੇ ਹੋਣ ਉੱਤੇ ਪੰਜਾਬੀ ਪੋਸਟ ਨੂੰ ਇਸ ਗੱਲ ਦਾ ਮਾਣ ਹੈ ਕਿ ਇਸਨੇ ਹਮੇਸ਼ਾ ਇੱਕ ਹਾਂ ਪੱਖੀ ਅਤੇ ਉਸਾਰੂ ਤਬਦੀਲੀ ਦੀ ਆਵਾਜ਼ ਬਣਨ ਦੀ ਕੋਸ਼ਿਸ਼ ਕੀਤੀ ਹੈ। ਪਿਛਲਾ ਡੇਢ ਸਾਲ ਕੋਵਿਡ-19 ਵੱਲੋਂ ਲਿਆਂਦੀ ਇੱਕਪਾਸੜ ਤਬਦੀਲੀ ਵਾਲਾ ਵੀ ਰਿਹਾ ਹੈ ਜਿਸ ਦਾ ਪ੍ਰਭਾਵ ਸਾਡੇ ਅਖਬਾਰ ਉੱਤੇ ਪੈਣਾ ਵੀ ਸੁਭਾਵਿਕ ਸੀ। ਅਖਬਾਰ ਦੇ ਸਰੂਪ ਵਿੱਚ ਆਈ ਤਬਦੀਲੀ ਦੇ ਬਾਵਜੂਦ ਪਾਠਕ ਸਾਡੇ ਨਾਲ ਖੜੇ ਹਨ, ਇਸ ਵਾਸਤੇ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਜਾਂਦਾ ਹੈ। ਉਮੀਦ ਕਰਦੇ ਹਾਂ ਕਿ ਅਗਲੇ ਸਾਲਾਂ ਵਿੱਚ ਸਿਰਫ਼ ਕੈਨੇਡੀਅਨ ਪੰਜਾਬੀ ਪੋਸਟ ਨਹੀਂ ਸਗੋਂ ਸਮੁੱਚਾ ਕੈਨੇਡੀਅਨ ਪੰਜਾਬੀ ਭਾਈਚਾਰਾ, ਸਮੂਹ ਕੈਨੇਡੀਅਨ ਅਤੇ ਕੈਨੇਡਾ ਦੀ ਵੰਨ ਸੁਵੰਨਤਾ, ਸੱਭਿਆਚਾਰਕ ਇਕਸਾਰਤਾ (cultural harmony) ਅਤੇ ਅਨੇਕਤਾਂ ਇੱਕ ਏਕਤਾ (Unity in diversity) ਹੋਰ ਮਜ਼ਬੂਤ ਹੋਵੇਗੀ। ਇਹ ਆਸ ਨਾਲ ਕਿ ਕੈਨੇਡਾ ਵਿਸ਼ਵ ਵਿੱਚ ਇੱਕ ਨਿੱਗਰ ਅਤੇ ਨੀਤੀਵਾਨ ਮੁਲਕ ਵਜੋਂ ਆਪਣੇ ਚਿੰਨ ਹੋਰ ਦ੍ਰਿੜਤਾ ਨਾਲ ਕਾਇਮ ਕਰੇਗਾ, ਸਮੂਹ ਕੈਨੇਡੀਅਨ ਵੀਰ ਭੈਣਾਂ ਅਤੇ ਬੱਚਿਆਂ ਨੂੰ ਕੈਨੇਡਾ ਡੇਅ ਮੁਬਾਰਕ ਹੋਵੇ।

# ਲਿਟਨ ਵਿੱਚ ਲਗੀ ਜ਼ਬਰਦਸਤ ਅੱਗ, ਸਾਰਾ ਪਿੰਡ ਸੜ ਕੇ ਹੋਇਆ ਸੁਆਹ

...ਪੰਨਾ 1 ਦਾ ਬਾਕੀ



ਲਿਟਨ ਦੇ ਮੇਅਰ ਜੈਨ ਪੌਲਡਰਮੈਨ ਨੇ ਸ਼ਾਮੀਂ 6:00 ਵਜੇ ਦੇ ਨੇੜੇ ਤੇੜੇ ਪਿੰਡ ਖਾਲੀ ਕਰਨ ਦੇ ਹੁਕਮ ਦਿੱਤੇ। ਪਿੰਡ ਖਾਲੀ ਕਰਨ ਵਾਲਿਆਂ ਨੂੰ ਮੈਰਿਟ ਵਿੱਚ ਐਮਰਜੰਸੀ ਸੋਸ਼ਲ ਸਰਵਿਸਿਜ਼ ਬਿਲਡਿੰਗ ਵਿੱਚ ਆਪਣੇ ਨਾਂ ਰਜਿਸਟਰ ਕਰਵਾਉਣ ਲਈ ਆਖਿਆ ਗਿਆ ਤੇ ਇਹ ਵੀ ਆਖਿਆ ਗਿਆ ਕਿ ਉਨ੍ਹਾਂ ਨੂੰ ਲੋੜ ਪੈਣ ਉੱਤੇ ਤਿੰਨ ਦਿਨ ਦੀ ਮਦਦ ਮੁਹੱਈਆ ਕਰਵਾਈ ਜਾਵੇਗੀ।

ਪਰ ਫਾਰਨਵਰਥ ਨੇ ਦੱਸਿਆ ਕਿ ਲੋਕ ਪਿੰਡ ਖਾਲੀ ਕਰਨ ਤੋਂ ਬਾਅਦ ਵੱਖ ਵੱਖ ਦਿਸ਼ਾਵਾਂ ਵਿੱਚ ਕਈ ਹੋਰਨਾਂ ਕਮਿਊਨਿਟੀਜ਼ ਵਿੱਚ ਚਲੇ ਗਏ ਤੇ ਕਈਆ ਨੇ ਆਪਣੇ ਨਾਂ ਵੀ ਰਜਿਸਟਰ ਨਹੀਂ ਕਰਵਾਏ। ਉਨ੍ਹਾਂ ਆਖਿਆ ਕਿ ਆਰਸੀਐਮਪੀ ਤੇ ਰੈੱਡ ਕਰੌਸ ਮਿਲ ਕੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਲੋਕ ਕਿੱਧਰ ਗਏ ਹਨ। ਇਸ ਲਈ ਲੋਕਾਂ ਨੂੰ ਆਪਣੇ ਨਾਂ ਰਜਿਸਟਰ ਕਰਵਾਉਣਾ ਬਹੁਤ ਜ਼ਰੂਰੀ ਹਨ। ਉਨ੍ਹਾਂ ਦੱਸਿਆ ਕਿ 90 ਫੀ ਸਦੀ ਪਿੰਡ ਸੜ ਚੁੱਕਿਆ ਹੈ।

ਇਸ ਹਫਤੇ ਕੈਨੇਡਾ ਵਿੱਚ ਲਗਾਤਾਰ ਤਿੰਨ ਦਿਨਾਂ ਤੱਕ ਸੱਭ ਤੋਂ ਵੱਧ ਤਾਪਮਾਨ ਰਿਕਾਰਡ ਕੀਤੇ ਜਾਣ ਕਾਰਨ ਲਿਟਨ ਸੁਰਖੀਆਂ ਵਿੱਚ ਆਇਆ ਸੀ। ਇਸ ਸਮੇਂ ਇੱਥੋਂ ਦਾ ਤਾਪਮਾਨ 49.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਜਿਨਪਿੰਗ ਦੀ ਦੁਨੀਆ ਨੂੰ ਧਮਕੀ: ਚੀਨ ਦੇ ਵਿਰੋਧੀਆਂ ਦੇ ਸਿਰ ਲਾਹ ਦਿੱਤੇ ਜਾਣਗੇ, ਵਿਦੇਸ਼ੀਆਂ ਦਾ ਦਖਲ ਬਰਦਾਸ਼ਤ ਨਹੀਂ ਕਰਾਂਗੇ

ਬੀਜਿੰਗ, 1 ਜੁਲਾਈ, (ਪੋਸਟ ਬਿਊਰੋ)- ਚੀਨ ਦੀ ਕਮਿਊਨਿਸਟ ਪਾਰਟੀ ਦੇ ਸ਼ਤਾਬਦੀ ਸਮਾਰੋਹ ਮੌਕੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਜਿੱਥੇ ਆਪਣੇ ਦੇਸ਼ ਵਾਸੀਆਂ ਨੂੰ ਚੀਨ ਦੀ ਤਰੱਕੀ ਲਈ ਜਿਥੇ ਸ਼ੁਭਕਾਮਨਾਵਾਂ ਦਿੱਤੀਆਂ, ਉਥੇ ਵਿਰੋਧੀਆਂ ਦੇ ਸਿਰ ਲਾਹ ਦੇਣ ਦੀ ਗੱਲ ਕਹੀ ਹੈ। ਆਪਣੇ ਭਾਸ਼ਣ ਵਿਚ ਉਨ੍ਹਾਂ ਨੇ ਇਸ ਦੇਸ਼ ਦੇ ਲੋਕਾਂ ਵੱਲੋਂ ਬਣਾਈ ਨਵੀਂ ਦੁਨੀਆ ਦੀ ਸ਼ਲਾਘਾ ਕੀਤੀ ਅਤੇ ਆਪਣੇ ਵਿਰੋਧੀ ਦੇਸ਼ਾਂ ਨੂੰ ਸਾਫ਼ ਚਿਤਾਵਨੀ ਦੇ ਦੇ ਕੇ ਕਿਹਾ ਕਿ ਇਸ ਦੇਸ਼ ਨੂੰ ਧਮਕਾਉਣ ਦੀ ਕੋਸ਼ਿਸ਼ ਕਰਨ ਵਾਲੀਆਂ ਤਾਕਤਾਂ ਦੇ ਸਿਰ ਲਾਹ ਦਿੱਤੇ ਜਾਣਗੇ।ਲੜਾਕੂ ਜਹਾਜ਼ਾਂ ਦੇ ਫਲਾਈਂਗ ਪਾਸਟ ਨਾਲ ਸ਼ੁਰੂ ਹੋਏਅੱਜ ਵਾਲੇ ਸਮਾਗਮ ਵਿਚਰਾਸ਼ਟਰਪਤੀ ਸ਼ੀ ਜਿਨਪਿੰਗ ਨੇਲਾਈਵ ਭਾਸ਼ਣ ਵਿੱਚ ਕਿਹਾ ਕਿ ਚੀਨ ਆਪਣੀ ਫੌਜੀ ਤਾਕਤ ਵਧਾਉਣ ਅਤੇ ਤਾਈਵਾਨ, ਹਾਂਗਕਾਂਗ ਅਤੇ ਮਕਾਊ ਨੂੰ ਵਾਪਸ ਆਪਣੇ ਨਾਲ ਜੋੜਨ ਲਈ ਵਚਨਬੱਧ ਹੈ।

ਇਸ ਮੌਕੇ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਹਮਲਾਵਰ ਰੁਖ਼ ਦਿਖਾਈ ਦਿੱਤਾ, ਜਿਸ ਲਈ ਉਹ ਪ੍ਰਸਿੱਧ ਹਨ। ਉਨ੍ਹਾਂ ਕਿਹਾ ਕਿ ਚੀਨ ਦੇ ਲੋਕ ਨਾ ਸਿਰਫ਼ ਪੁਰਾਣੀ ਦੁਨੀਆ ਖਤਮ ਕਰਨਾ ਜਾਣਦੇ ਹਨ, ਸਗੋਂ ਨਵਾਂ ਸੰਸਾਰ ਬਣਾਉਣਾ ਵੀ ਉਨ੍ਹਾਂ ਨੂੰ ਆਉਂਦਾ ਹੈ।ਵਰਨਣ ਯੋਗ ਹੈ ਕਿ ਸ਼ੀ ਜਿਨਫਿੰਗ ਚੀਨ ਵਿਚ ਮਾਓ ਜ਼ੇ ਤੁੰਗ ਤੋਂ ਬਾਅਦ ਦੂਸਰੇ ਸਭ ਤੋਂ ਵੱਡੇ ਨੇਤਾ ਹਨ ਅਤੇ ਸੰਸਾਰ ਵਿੱਚ ਕੋਵਿਡ-19 ਮਹਾਮਾਰੀ ਦੇ ਕਾਰਨ ਸੰਸਾਰ ਵਿੱਚ ਉਨ੍ਹਾਂ ਦੀ ਆਲੋਚਨਾ ਵੀ ਹੋਈ ਹੈ। ਸੰਸਾਰ ਭਾਈਚਾਰਾ ਹਾਂਗਕਾਂਗ ਦੇ ਨਾਲ ਸ਼ਿਨਜਿਆਂਗ ਵਿਚ ਉਈਗਰ ਮੁਸਲਮਾਨਾਂ ਖਿਲਾਫ਼ ਚੀਨ ਦੀ ਕਾਰਵਾਈ ਦਾ ਵਿਰੋਧ ਕਰਦਾ ਹੈ, ਜਿਸ ਤੋਂ ਜਿਨਪਿੰਗ ਨਾਰਾਜ਼ ਹਨ। ਅੱਜ ਜਿਨਪਿੰਗ ਨੇ ਕਿਹਾ ਕਿ ਚੀਨੀ ਲੋਕ ਆਪਣੇ ਅੰਦਰੂਨੀ ਮਾਮਲਿਆਂ ਵਿਚ ਕਿਸੇ ਵਿਦੇਸ਼ੀ ਤਾਕਤ ਦਾ ਦਖਲ ਸਹਿਣ ਨਹੀਂ ਕਰਦੇ ਤੇ ਇਸ ਦੇਸ਼ ਦਾ ਕੋਈ ਵੀ ਨਾਗਰਿਕ ਬਰਦਾਸ਼ਤ ਨਹੀਂ ਕਰੇਗਾ ਕਿ ਕੋਈ ਵਿਦੇਸ਼ੀ ਤਾਕਤ ਉਨ੍ਹਾਂ ਨੂੰ ਧਮਕਾਏ ਜਾਂ ਆਪਣੀ ਅਧੀਨਗੀ ਦਾ ਦਬਾਅ ਬਣਾਏ। ਜੇ ਕੋਈਏਦਾਂ ਕਰਨ ਦੀ ਹਿੰਮਤ ਕਰੇ ਤਾਂ ਉਸ ਦਾ ਸਿਰ ਚੀਨ ਦੀ ਉਸ ਮਹਾਨ ਦੀਵਾਰ ਉੱਤੇ ਲਾ ਦਿੱਤਾ ਜਾਵੇਗਾ, ਜਿਹੜੀ ਡੇਢ ਸੌ ਕਰੋੜ ਚੀਨੀਆਂ ਨੇ ਬਣਾਈ ਸੀ।

# ਰੈਜ਼ੀਡੈਂਸ਼ੀਅਲ ਸਕੂਲਾਂ ਤੋਂ ਸਬਕ- ਧਾਰਮਿਕ ਅਦਾਰਿਆਂ ਤੋਂ ਮੁਕਤ ਵਿਦਿਆ ਪ੍ਰਬੰਧ

## ਤਕਰਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਦੀ ਮੀਟਿੰਗ ਦਾ ਸਾਰਅੰਸ਼



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ)ਤਕਰਸ਼ੀਲ (ਰੈਸ਼ਨੇਲਿਸਟ) ਸੋਸਾਇਟੀ ਕਨੇਡਾ ਦੇ ਨੁਮਾਇੰਦਿਆਂ ਨੇ ਬੀਤੇ ਐਤਵਾਰ ਹੋਈ ਮੀਟਿੰਗ ਵਿਚ ਕੈਮਲੂਪ ਤੋਂ ਬਾਅਦ ਸੈਸਕੈਚਵਾਨ ਵਿਚਲੇ ਰੈਜ਼ੀਡੈਂਸ਼ੀਅਲ (ਰਹਾਇਸ਼ੀ) ਸਕੂਲ ਦੇ ਖੇਤਰ ਵਿਚੋਂ ਵੀ 751 ਕਬਰਾਂ ਮਿਲਣ ਦੀ ਖਬਰ ਬਾਰੇ ਵਿਚਾਰ ਵਟਾਂਦਰਾ ਕਰਦਿਆਂ, ਸਿੱਟਾ ਕੱਢਿਆ ਕਿ ਵਿਦਿਆ ਨੂੰ ਧਾਰਮਿਕ ਅਦਾਰਿਆਂ ਤੋਂ ਮੁਕਤ ਹੋਣਾ ਚਾਹੀਦਾ ਹੈ। ਵਿਦਿਆ ਦਾ ਮੱਕਸਦ ਮੁੱਖ ਤੌਰ ਤੇ ਬੱਚਿਆਂ ਵਿਚ ਤਰਕ ਦੇ ਅਧਾਰ ਤੇ ਸੋਚਣ ਦੀ ਕਾਬਲੀਅਤ ਵਿਕਸਿਤ ਕਰਨਾ ਹੁੰਦਾ ਹੈ ਤਾਂ ਜੋ ਉਹ ਹਰ ਮੁੱਦੇ ਨੂੰ ਵੱਖ ਵੱਖ ਪਹਿਲੂਆਂ ਤੋਂ ਵੇਖ, ਵਿਚਾਰ ਕੇ ਸਹੀ ਨਿਰਣਾ ਲੈ ਸਕਣ। ਕਿਸੇ ਧਰਮ ਵਿਚ ਵਿਸ਼ਵਾਸ਼ ਰਖਣਾ ਜਾ ਨਾ ਰੱਖਣਾ ਹਰ ਇੱਕ ਦਾ ਨਿੱਜੀ ਫੈਸਲਾ ਹੋਣਾ ਚਾਹੀਦਾ ਹੈ, ਧਰਮ ਦੀ ਸਕੂਲ ਵਿਦਿਆ ਵਿਚ ਦਖਲ ਅੰਦਾਜੀ ਵਿਦਿਆ ਦੇ ਇਸ ਮੁੱਖ ਮੰਤਵ ਵਿਚ ਰੋੜਾ ਬਣਦੀ ਹੈ, ਜਿਸ ਤੋਂ ਵਿਦਿਆਕ ਅਦਾਰੇ ਸੁਤੰਤਰ ਹੋਣੇ ਚਾਹੀਦੇ ਹਨ।

ਮੀਟਿੰਗ ਦੌਰਾਨ1876 ਤੋ ਸੁਰੂ ਕੀਤੇ ਗਏ ਅਤੇਤਕਰੀਬਨ ਸੌ ਸਾਲ ਚੱਲੇ ਇਨ੍ਹਾਂ ਸਕੂਲਾਂ ਵਿਚ ਮੂਲ ਨਿਵਾਸੀਆਂ ਦੇ ਬੱਚਿਆਂ ਦੇ ਵਿਦਿਆ ਹਾਸਲ ਕਰਨ ਅਤੇ ਰਹਿਣ ਸਹਿਣ ਦੀਆਂ ਮੰਦੀਆਂ ਹਾਲਤਾਂ ਬਾਰੇ ਗੱਲ ਕਰਦਿਆਂ, ਬੁਲਾਰਿਆਂ ਨੇ ਕਿਹਾ ਕਿ ਬੇਸ਼ੱਕ ਇਸ ਦੌਰਾਨ ਸਰਕਾਰਾਂ ਵਲੋਂ ਸਕੂਲਾਂ ਦਾ ਮਕਸਦ ਮੂਲ ਨਿਵਾਸੀਆਂ ਨੂੰ ਕਨੇਡੀਅਨ ਸਮਾਜ ਵਿਚ ਰਲਾਉਣਾ ਦਸਿਆ ਜਾਂਦਾ ਰਿਹਾ, ਪਰ ਇਸ ਦਾ ਅਸਲ ਮਕਸਦ ਬੱਚਿਆਂ ਨੂੰ ਉਨ੍ਹਾਂ ਦੀ ਬੋਲੀ, ਸਭਿਆਚਾਰ ਅਤੇ ਮਾਂਪਿਆਂ ਨਾਲੋਂ ਤੋੜਨਾ ਸੀ। ਸਕੂਲ ਚਲਾ ਰਹੇ ਧਾਰਮਿਕ ਅਦਾਰਿਆਂ ਦੇ ਮੈਂਬਰਾਂ ਵਲੋਂ ਬੱਚਿਆਂ ਨਾਲ ਬਦਫੈਲੀਆਂ, ਬਲਾਤਕਾਰ ਤੱਕ ਕੀਤੇ ਜਾਂਦੇ ਰਹੇ, ਜਿਸ ਦੀਆਂ ਭਿਣਕਾਂ ਪੈਣ ਦੇ ਬਾਵਜੂਦ, ਉੱਚ ਧਾਰਮਿਕ ਜਾਂ ਸਿਆਸੀ ਅਧਿਕਾਰੀਆਂ ਨੇ ਇਨ੍ਹਾਂ ਘਟਨਾਵਾਂ ਨੂੰ ਗੰਭੀਰਤਾ ਨਾਲ ਨਾ ਲਿਆ। ਰਹਿਣ ਸਹਿਣ ਦੀਆਂ ਮੰਦੀਆਂ ਹਾਲਤਾਂ ਕਾਰਨ ਕਈ ਰਿਪੋਰਟਾਂ ਮੁਤਾਬਿਕ 6000 ਤੋਂ ਵੱਧ ਬਚਿਆਂ ਦੀਆਂ ਜਾਨਾਂ ਗਈਆਂ ਅਤੇ ਉਸ ਤੋਂ ਵੀ ਨਿੰਦਣਯੋਗ ਗੱਲ ਇਹ ਰਹੀ ਕਿ ਕਿਸੇ ਵੀ ਬੱਚੇ ਦੇ ਮਾਪਿਆਂ ਨੂੰ ਠੀਕ ਤਰ੍ਹਾਂ ਉਨ੍ਹਾਂ ਦੀ ਮੌਤ ਦੀ ਸੂਚਨਾ ਤੱਕ ਨਾ ਦਿੱਤੀ ਗਈ ਅਤੇ ਉਹ ਸਾਰੀ ਉਮਰ ਅਪਣੇ ਗੁੰਮ ਕਹੇ ਜਾਂਦੇ ਬੱਚਿਆਂ ਦੇ ਘਰ ਪਰਤਣ ਦੀ ਉਡੀਕ ਕਰਦੇ ਇਸ ਦੁਨੀਆਂ ਤੋਂ ਚਲੇ ਗਏ। ਸਾਇੰਸ ਦੀਆਂ ਨਵੀਆਂ ਤਕਨੀਕਾਂ ਕਾਰਨ ਉਨ੍ਹਾਂ ਦੀਆਂ ਗੁੰਮ ਜੋ ਚੁਕੀਆਂ ਕਬਰਾਂ ਲੱਭੀਆਂ ਜਾ ਰਹੀਆਂ ਹਨ ਜਿਨ੍ਹਾਂ ਦੀ ਗਿਣਤੀ ਕਾਫੀ ਜਿਆਦਾ ਹੋ ਸਕਦੀ ਹੈ। ਇਨ੍ਹਾਂ ਕਬਰਾਂ ਦੇ ਮਿਲਣ ਤੇ, ਬਹੁਤ ਸਾਰੇ ਕਨੇਡਾ ਨਿਵਾਸੀਆਂ ਵਲੋਂ ਇਸ ਸਾਲ ਕਨੇਡਾ ਡੇ ਮਨਾਉਣ ਦੇ ਜੱਸ਼ਨ ਰੱਦ ਕਰਨ ਦੀ ਮੰਗ ਜੋਰ ਫੜ ਰਹੀ ਹੈ।

ਮੀਟਿੰਗ ਦੌਰਾਨ ਕਈ ਪ੍ਰੋਵਿੰਸਸ ਵਿਚ ਜਥੇਬੰਦੀ ਦੀਆਂ ਨਵੀਆਂ ਬਣ ਰਹੀਆਂ ਇਕਾਈਆਂ ਨੂੰ ਇੱਕ ਚੰਗਾ ਕਦਮ ਮੰਨਦਿਆਂ, ਤਕਰਸ਼ੀਲ ਲਹਿਰ ਨੂੰ ਕਨੇਡਾ ਭਰ ਵਿਚ ਹੋਰ ਪ੍ਰਭਾਵਸ਼ਾਲੀ ਬਣਾਉਣ ਸਬੰਧੀ ਵੀ ਵਿਚਾਰ ਸਾਂਝੇ ਕੀਤੇ ਗਏ। ਸਾਰੀਆਂ ਇਕਾਈਆਂ ਦੇ ਮੈਂਬਰਾਂ ਦੀ ਇੱਕ ਜੂਮ ਮੀਟਿੰਗ 4 ਜੁਲਾਈ ਨੂੰ ਟੋਰਾਂਟੋ ਦੇ ਸਮੇਂ ਅਨੁਸਾਰ 1 ਵਜੇ ਦੁਪਿਹਰ ਕੀਤੀ ਜਾ ਰਹੀ ਹੈ ਜਿਸ ਵਿਚ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਪ੍ਰੋਫੈਸਰ, ਡਾਕਟਰ ਸਾਧੂ ਬਿਨਿਗ ਜੀ ਮੂਲਨਿਵਾਸੀਆਂ ਦੀ ਰੈਜ਼ੀਡੈਂਸ਼ੀਅਲ ਸਕੂਲਾਂ ਵਿਚ ਹੋਈ ਨਸਲਕੁਸ਼ੀ ਬਾਰੇ ਅਪਣੇ ਵਿਚਾਰ ਰੱਖਣਗੇ। ਇਸ ਪ੍ਰੋਗਰਾਮ ਜਾਂ ਸੁਸਾਇਟੀ ਬਾਰੇ ਹੋਰ ਜਾਣਕਾਰੀ ਲੈਣ ਲਈ ਬਰੈਂਪਟਨ ਵਿਚ ਬਲਦੇਵ ਰਹਿਪਾ (416 881 7202) ਜਾਂ ਵੈਨਕੂਵਰ ਵਿਚ ਬਾਈ ਅਵਤਾਰ ਗਿੱਲ (604 728 7011) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਇਨਸੁਲਿਨ ਖੋਜ ਦੀ 100ਵੇਂ ਵਰ੍ਹੇਗੰਢ 'ਤੇ ਡਾਇਬਟੀਜ਼ ਬਿੱਲ "ਸੀ-237" ਪਾਸ ਹੋ ਕੇ ਕੈਨੇਡਾ ਦਾ ਇਕ ਹੋਰ ਨਵਾਂ ਕਾਨੂੰਨ ਬਣਿਆ

## ਇਹ ਸਿਰਫ ਮੇਰੀ ਨਹੀਂ ਬਲਕਿ ਡਾਇਬਟੀਜ਼ ਪ੍ਰਤੀ ਗੰਭੀਰਤਾ ਨਾਲ ਕੰਮ ਕਰ ਰਹੇ ਸਾਰੇ ਲੋਕਾਂ ਦੀ ਜਿੱਤ ਹੈ : ਸੋਨੀਆ ਸਿੱਧੂ

ਬਰੈਂਪਟਨ - ਇਨਸੁਲਿਨ ਦੀ 100ਵੀਂ ਵਰੇਗੰਢ 'ਤੇ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਦੀ ਮਿਹਨਤ ਰੰਗ ਲਿਆਈ ਹੈ ਅਤੇ ਉਹਨਾਂ ਵੱਲੋਂ ਸੰਸਦ 'ਚ ਪੇਸ਼ ਕੀਤਾ ਬਿੱਲ ਸੀ-237 ਪਾਸ ਹੋ ਕੇ ਕਾਨੂੰਨ ਬਣ ਗਿਆ ਹੈ। ਬੀਤੀ ਸ਼ਾਮ ਨੂੰ ਬਿੱਲ ਸੀ -237 ਨੂੰ ਰਾਇਲ ਅਸੈਂਟ ਮਿਲਿਆ, ਜਿਸ ਤੋਂ ਬਾਅਦ ਇਸਨੂੰ ਕੈਨੇਡਾ ਭਰ 'ਚ ਲਾਗੂ ਕੀਤਾ ਜਾਵੇਗਾ ਅਤੇ ਸਿਹਤ ਮੰਤਰੀ ਵੱਲੋਂ ਇਸ 'ਤੇ ਰਿਪੋਰਟ ਬਣਾ ਕੇ ਸੰਸਦ 'ਚ ਪੇਸ਼ ਕੀਤੀ ਜਾਣੀ ਹੈ।

ਇਹ ਬਿੱਲ ਸ਼ੂਗਰ ਦੇ ਰੋਗੀਆਂ ਲਈ ਖਾਸ ਮਹੱਤਵ ਇਸ ਲਈ ਰੱਖਦਾ ਹੈ ਕਿਉਂਕਿ ਇਸ ਵਿੱਚ ਡਾਇਬਟੀਜ਼ ਲਈ ਕੌਮੀ ਪੱਧਰ 'ਤੇ ਫਰੇਮਵਰਕ ਬਣਾਉਣ ਦੀ ਮੰਗ ਕੀਤੀ ਗਈ ਹੈ। ਸਿਰਫ ਇੰਨ੍ਹਾਂ ਹੀ ਨਹੀਂ, ਇਸ 'ਚ ਸ਼ੂਗਰ ਸਬੰਧੀ ਜਾਗਰੂਕਤਾ ਤੇ ਇਲਾਜ ਤੋਂ ਲੇ ਕੇ ਰੋਕਥਾਮ ਤੱਕ ਕਈ ਅਹਿਮ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਹਨ, ਜਿਸ ਨਾਲ ਸ਼ੂਗਰ ਤੋਂ ਜੂਝ ਰਹੇ ਮਰੀਜ਼ਾਂ ਸਮੇਤ ਉਹ ਲੋਕ ਜਿਹਨਾਂ ਨੂੰ ਡਾਇਬਟੀਜ਼ ਹੋਣ ਦਾ ਖ਼ਤਰਾ ਜ਼ਿਆਦਾ ਹੈ, ਨੂੰ ਵੀ ਇਸ ਸਬੰਧੀ ਜਾਗਰੂਕ ਕੀਤਾ ਜਾਵੇਗਾ।

ਇਸ ਸਬੰਧੀ ਖੁਸ਼ੀ ਜਾਹਰ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ ਇਹ ਸਿਰਫ ਮੇਰੇ ਲਈ ਨਹੀਂ ਬਲਕਿ ਹਰ ਉਸ ਵਿਅਕਤੀ ਲਈ ਬਹੁਤ ਵੱਡੀ ਰਾਹਤ ਅਤੇ ਖੁਸ਼ੀ ਦੀ ਖਬਰ ਹੈ ਕਿ ਬਿੱਲ ਸੀ-237 ਨੂੰ ਅੱਜ ਰਾਇਲ ਅਸੈਂਟ ਮਿਲ ਗਿਆ ਹੈ। ਇਹ ਡਾਇਬਟੀਜ਼ ਪ੍ਰਤੀ ਗੰਭੀਰਤਾ ਨਾਲ ਕੰਮ ਕਰ ਰਹੇ ਸਾਰੇ ਲੋਕਾਂ ਦੀ ਜਿੱਤ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਇਸੇ ਹੀ ਸਾਲ ਕੈਨੇਡਾ 'ਚ ਹੋਈ ਇਨਸੁਲਿਨ ਦੀ ਖੋਜ ਦੀ 100ਵੀਂ ਵਰ੍ਹੇਗੰਢ ਹੈ ਅਤੇ ਇਸੇ ਹੀ ਸਾਲ ਮੇਰੇ ਵੱਲੋਂ ਪੇਸ਼ ਕੀਤਾ ਗਿਆ ਬਿੱਲ ਸੀ-237 ਪਾਸ ਹੋ ਗਿਆ ਹੈ।

11 ਮਿਲੀਅਨ ਕੈਨੇਡੀਅਨ ਡਾਇਬਟੀਜ਼ ਅਤੇ ਪ੍ਰੀ-ਡਾਇਬਟੀਜ਼ ਤੋਂ ਇਸ ਸਮੇਂ ਜੂਝ ਰਹੇ ਹਨ। ਇਹਨਾਂ 'ਚ ਵੱਡੀ ਗਿਣਤੀ ਸਾਡੇ ਸਾਊਥ ਏਸ਼ੀਅਨ ਭਾਈਚਾਰੇ ਦੀ ਵੀ ਹੈ। ਸ਼ੂਗਰ ਦੀ ਬਿਮਾਰੀ ਆਪਣੇ ਨਾਲ ਕਈ ਹੋਰ ਗੰਭੀਰ ਬਿਮਾਰੀਆਂ ਨੂੰ ਜਨਮ ਦਿੰਦੀ ਹੈ, ਜੋ ਕਈ ਵਾਰ ਜਾਨਲੇਵਾ ਸਾਬਤ ਹੁੰਦੀਆਂ ਹਨ।

ਬਿੱਲ ਸੀ-237 ਇਹਨਾਂ ਗੱਲਾਂ ਨੂੰ ਧਿਆਨ 'ਚ ਰੱਖ ਕੇ ਹੀ ਬਣਾਇਆ ਗਿਆ ਹੈ। ਜਾਗਰੂਕਤਾ ਤਾਂ ਕਿ ਲੋਕ ਇਸ ਬਿਮਾਰੀ ਸਬੰਧੀ ਲੋੜੀਂਦੀ ਜਾਣਕਾਰੀ ਰੱਖ ਸਕਣ, ਰੋਕਥਾਮ ਤਾਂ ਕਿ ਇਸਨੂੰ ਹੋਣ ਤੋਂ ਪਹਿਲਾਂ ਹੀ ਆਪਣਾ ਬਚਾਅ ਕਰਨ ਦੇ ਯੋਗ ਹੋਣ ਅਤੇ ਇਲਾਜ ਤਾਂ ਕਿ ਕਿਸੇ ਵੀ ਕਾਰਨ ਇਹ ਬਿਮਾਰੀ ਹੋਣ ਦੀ ਸੂਰਤ 'ਚ ਬਿਹਤਰ ਇਲਾਜ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਇਸਦੇ ਨਾਲ ਹੀ ਸ਼ੂਗਰ ਸਬੰਧੀ ਡਾਟਾ ਇੱਕਤਰ ਕੀਤਾ ਜਾਵੇਗਾ ਅਤੇ ਸਿਹਤ ਮਾਹਰਾਂ ਨੂੰ ਲੋੜੀਂਦੀ ਟ੍ਰੇਨਿੰਗ ਵੀ ਮੁਹੱਈਆ ਕਰਵਾਈ ਜਾਵੇਗੀ।

ਇਸ ਬਿੱਲ ਤੋਂ ਇਲਾਵਾ 18 ਸਾਲ ਲਗਾਤਾਰ ਹੈਲਥਕੇਅਰ 'ਚ ਕੰਮ ਕਰਨ ਤੋਂ ਬਾਅਦ ਆਪਣੇ ਕਾਰਜਕਾਲ ਦੀ ਸ਼ੁਰੂਆਤ ਤੋਂ ਹੀ



SONIA SIDHU

ਐਮ.ਪੀ ਸੋਨੀਆ ਸਿੱਧੂ ਨੇ ਬਤੌਰ ਆਲ ਪਾਰਟੀ ਡਾਇਬਟੀਜ਼ ਕਾਕਜ਼ ਦੇ ਚੇਅਰ ਇਸ ਪ੍ਰਤੀ ਸੰਜਦਗੀ ਦਿਖਾਉਂਦਿਆਂ ਕਈ ਅਹਿਮ ਕਦਮ ਉਠਾਏ ਹਨ। ਇਸ ਤੋਂ ਪਹਿਲਾਂ 2019 'ਚ ਸੋਨੀਆ ਸਿੱਧੂ ਵੱਲੋਂ ਮੋਸ਼ਨ ਐਮ-173 ਪੇਸ਼ ਕੀਤਾ ਗਿਆ ਸੀ, ਜੋ ਕਿ ਕੈਨੇਡਾ ਦੇ ਹਾਊਸ ਆਫ ਕਾਮਨਜ਼ 'ਚ ਸਰਬਸੰਮਤੀ ਨਾਲ ਪਾਸ ਹੋਇਆ ਅਤੇ ਹੁਣ ਇਸ ਬਦੌਲਤ ਕੈਨੇਡਾ ਭਰ ਵਿੱਚ ਨਵੰਬਰ ਦਾ ਮਹੀਨਾ ਡਾਇਬਟੀਜ਼ ਜਾਗਰੂਕਤਾ ਮਹੀਨੇ ਵਜੋਂ ਮਨਾਇਆ ਜਾਣ ਲੱਗਿਆ ਹੈ।

ਇਸ ਬਿੱਲ 'ਤੇ ਐਮ.ਪੀ ਸੋਨੀਆ ਸਿੱਧੂ ਨੂੰ ਵਧਾਈ ਦਿੰਦਿਆਂ, ਵਿਲੀਅਮ ਓਸਲਰ ਦੇ ਪ੍ਰਧਾਨ ਅਤੇ ਸੀਈਓ ਡਾ: ਨਵੀਦ ਮੁਹੰਮਦ ਨੇ ਕਿਹਾ ਕਿ ਇੱਕ ਹਸਪਤਾਲ ਦੇ ਸੀਈਓ ਅਤੇ ਚਿਕਿਤਸਕ ਹੋਣ ਦੇ ਨਾਤੇ, ਮੈਂ ਪਹਿਲਾਂ ਸ਼ੂਗਰ ਦੇ ਗੰਭੀਰ ਪ੍ਰਭਾਵਾਂ ਅਤੇ ਮਰੀਜ਼ਾਂ ਅਤੇ ਕਮਿਊਨਟੀ ਦੀ ਸਿਹਤ ਅਤੇ ਤੰਦਰੁਸਤੀ ਤੇ ਇਸਦੇ ਜਟਿਲਤਾਵਾਂ ਨੂੰ ਵੇਖਿਆ ਹੈ। ਮੈਂ ਬਿਲ ਸੀ -237 ਦਾ ਪੂਰੀ ਤਰ੍ਹਾਂ ਸਮਰਥਨ ਕਰਦਾ ਹਾਂ, ਜੋ ਕਿ ਸ਼ੂਗਰ ਦੇ ਲਈ ਇੱਕ ਰਾਸ਼ਟਰੀ ਢਾਂਚਾ ਸਥਾਪਤ ਕਰਨ ਲਈ ਇੱਕ ਐਕਟ ਹੈ। ਸਿਹਤ ਦੇ ਇਸ ਵੱਡੇ ਮੁੱਦੇ ਲਈ ਰਾਸ਼ਟਰੀ ਪਹੁੰਚ ਸ਼ੂਗਰ ਦੀ ਰੋਕਥਾਮ, ਨਿਦਾਨ, ਇਲਾਜ ਅਤੇ ਖੋਜ ਤੱਕ ਸੁਧਾਰੀ ਪਹੁੰਚ ਨੂੰ ਉਤਸ਼ਾਹਤ ਕਰੇਗੀ।

ਇਸ ਦੇ ਨਾਲ ਹੀ ਡਾ. ਲਾਰੈਂਸ ਲੋਹ ,ਪੀਲ ਰੀਜ਼ਨ ਦੇ ਮੈਡੀਕਲ ਅਫਸਰ ਆਫ ਹੈਲਥ ਨੇ ਵੀ ਐਮ.ਪੀ ਸੋਨੀਆ ਸਿੱਧੂ ਨੂੰ ਇਸ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਸ਼ੂਗਰ ਅਤੇ ਇਸ ਦੀਆਂ ਜਟਿਲਤਾਵਾਂ ਰੋਜ਼ਮਰ੍ਹਾ ਦੀ ਜ਼ਿੰਦਗੀ, ਅਤੇ ਵਿਅਕਤੀਆਂ ਦੀ ਸਿਹਤ, ਅਤੇ ਨਾਲ ਹੀ ਆਰਥਿਕਤਾ ਅਤੇ ਸਿਹਤ ਸੰਭਾਲ ਪ੍ਰਣਾਲੀ ਤੇ ਵੱਡਾ ਬੋਝ ਪਾਉਂਦੀਆਂ ਹਨ। ਪੀਲ ਰੀਜ਼ਨ 'ਚ ਸ਼ੂਗਰ ਦੀ ਸਮੱਸਿਆ ਇੱਕ ਵੱਡੀ ਸਮੱਸਿਆ ਹੈ ਅਤੇ ਕੋਵਿਡ-19 ਦੌਰਾਨ ਇਸਦੇ ਵੱਲੋਂ ਕੀਤੇ ਜਾਂਦੇ ਨੁਕਸਾਨਾਂ 'ਚ ਹੋਰ ਵੀ ਵਾਧਾ ਹੋਇਆ ਹੈ ਅਤੇ ਬਿੱਲ ਸੀ-237 ਪਬਲਿਕ ਹੈਲਥ ਦੇ ਮੌਜੂਦਾ ਯਤਨਾਂ ਦਾ ਸਮਰਥਨ ਕਰੇਗਾ ।

# ਸੋਨੀਆ ਸਿੱਧੂ ਵਲੋਂ ਕੋਵਿਡ-19 ਵੈਕਸੀਨ ਰਜਿਸਟਰੇਸ਼ਨ ਕਰਵਾਉਣ ਦੀ ਅਪੀਲ

## ਸਮੂਹ ਕੈਨੇਡੀਅਨਾਂ ਨੂੰ ਕੈਨੇਡਾ ਡੇਅ ਦੀ ਦਿੱਤੀ ਮੁਬਾਰਕਬਾਦ

ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਬਰੈਂਪਟਨ ਸਾਊਥ ਵਾਸੀਆਂ ਸਮੇਤ ਸਮੂਹ ਕੈਨੇਡੀਅਨਾਂ ਨੂੰ ਕੈਨੇਡਾ ਡੇਅ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ । ਕੋਵਿਡ-19 ਮਹਾਂਮਾਰੀ ਦੇ ਕਾਰਨ ਬੀਤਿਆ ਕੁਝ ਸਮਾਂ ਸਾਡੇ ਸਾਰਿਆਂ ਲਈ ਹੀ ਔਖਾ ਅਤੇ ਚੁਣੌਤੀਆਂ ਭਰਿਆ ਰਿਹਾ ਹੈ। ਪਰ ਜਿਵੇਂ-ਜਿਵੇਂ ਹੁਣ ਜ਼ਿੰਦਗੀ ਮੁੜ੍ਹ ਤੋਂ ਲੀਹ 'ਤੇ ਪਰਤ ਰਹੀ ਹੈ ਤਾਂ ਸਾਡੀ ਜ਼ਿੰਮੇਵਾਰੀ ਹੋਰ ਵੀ ਬਣ ਜਾਂਦੀ ਹੈ ਕਿ ਅਸੀਂ ਸਿਹਤ ਮਾਹਰਾਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਰਹੀਏ।

ਉਹਨਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 77% ਕੈਨੇਡੀਅਨਾਂ ਨੂੰ ਕੋਵਿਡ-19 ਵੈਕਸੀਨ ਦੀ ਇੱਕ ਡੋਜ਼ ਲੱਗ ਚੁੱਕੀ ਹੈ ਜਦਕਿ 30% ਕੈਨੇਡੀਅਨਾਂ ਦਾ ਟੀਕਾਕਰਣ ਮੁਕੰਮਲ ਹੋ ਚੁੱਕਿਆ ਹੈ। ਸੂਬਿਆਂ ਅਤੇ ਪ੍ਰਦੇਸ਼ਾਂ ਨੂੰ 43 ਮਿਲੀਅਨ ਵੈਕਸੀਨ ਡੋਜ਼ਾਂ ਮਿਲ ਚੁੱਕੀਆਂ ਹਨ ਅਤੇ 34 ਮਿਲੀਅਨ ਤੋਂ ਜ਼ਿਆਦਾ ਵੈਕਸੀਨ ਖੁਰਾਕਾਂ ਦਾ ਪ੍ਰਬੰਧਨ ਕੀਤਾ ਜਾ ਚੁੱਕਿਆ ਹੈ।

ਇਸ ਦੇ ਨਾਲ ਹੀ ਐਮ.ਪੀ ਸਿੱਧੂ ਨੇ ਬਰੈਂਪਟਨ ਸਾਊਥ ਦੇ ਵਾਸੀਆਂ ਨੂੰ ਵੈਕਸੀਨ ਲਗਵਾਉਣ ਦੀ ਅਪੀਲ ਕੀਤੀ। ਸੋਨੀਆ ਸਿੱਧੂ ਨੇ ਕਿਹਾ ਕਿ ਕੈਨੇਡਾ ਟੀਕਕਾਰਜ਼ ਦੇ ਮਾਮਲੇ 'ਚ ਪਹਿਲੇ ਨੰਬਰ 'ਤੇ ਪਹੁੰਚ ਗਿਆ ਹੈ ਅਤੇ ਅਜਿਹਾ ਤੁਹਾਡੇ ਸਾਰਿਆਂ ਵੱਲੋਂ ਕੀਤੇ ਗਏ ਯਤਨਾਂ ਸਕਦਾ ਹੋ ਸਕਿਆ ਹੈ। ਇਸ ਸਮੇਂ ਜਿੰਨ੍ਹਾਂ ਨੇ ਵੈਕਸੀਨ ਨਹੀਂ ਲਗਵਾਈ ਜਾਂ ਅਜੇ ਇੱਕ ਹੀ ਡੋਜ਼ ਲਗਵਾਈ ਹੈ, ਉਹ ਜ਼ਰੂਰ ਇਸ ਲਈ ਰਜਿਸਟਰ ਕਰ ਕੇ ਟੀਕਕਾਰਣ ਨੂੰ ਮੁਕੰਮਲ ਕਰਨ ਤਾਂ ਜੋ ਅਸੀਂ ਸਾਰੇ ਹੀ ਇਸ ਮਹਾਂਮਾਰੀ ਤੋਂ ਸੁਰੱਖਿਅਤ ਢੰਗ ਨਾਲ ਬਾਹਰ ਆ ਸਕੀਏ ਅਤੇ ਜ਼ਿੰਦਗੀ ਨੂੰ ਆਮ ਵਾਂਗ ਬਤੀਤ ਕਰ ਸਕੀਏ।

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005





AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

# ਬਿਜਲੀ ਸੰਕਟ ਤੇ ਗਰਮੀ ਕਾਰਨ ਪੰਜਾਬ ਵਿੱਚ ਸਰਕਾਰੀ ਦਫ਼ਤਰਾਂ ਦਾ ਸਮਾਂ ਬਦਲਣਾ ਪਿਆ

ਚੰਡੀਗੜ੍ਹ, 1 ਜੁਲਾਈ, (ਪੋਸਟ ਬਿਊਰੋ)- ਗਰਮੀ ਵਧਣ ਅਤੇ ਬਿਜਲੀ ਦੀ ਅਣਕਿਆਸੀ ਘਾਟ ਕਾਰਨ ਅੱਜ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਸਰਕਾਰ ਦੇ ਦਫਤਰਾਂ ਦਾ ਸਮਾਂ ਘਟਾਉਣ ਅਤੇ ਬਿਜਲੀ ਦੀ ਵੱਧ ਖਪਤ ਵਾਲੀਆਂ ਸਨਅਤਾਂ ਦੀ ਸਪਲਾਈ ਵਿਚ ਤੁਰੰਤ ਕਟੌਤੀ ਦੇ ਹੁਕਮ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਫਸਲਾਂ ਨੂੰਬਚਾਉਣ ਦੇ ਨਾਲ ਘਰੇਲੂ ਬਿਜਲੀ ਸਪਲਾਈ ਵਿਚ ਵੀ ਰਾਹਤ ਦੇਣੀ ਵੱਧ ਜ਼ਰੂਰੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸਾਰੇ ਸਰਕਾਰੀ ਅਫਸਰਾਂ ਨੂੰ ਆਪਣੇ ਦਫਤਰਾਂ ਵਿਚ ਬਿਜਲੀ ਦੀ ਵਰਤੋਂ ਚੱਜ ਨਾਲ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਸਥਿਤੀ ਬੜੀ ਗੰਭੀਰ ਹੈ, ਕਿਉਂਕਿ ਪੰਜਾਬ ਵਿਚ ਬਿਜਲੀ ਦੀ ਮੰਗ 14500 ਮੈਗਾਵਾਟ ਤਕ ਪਹੁੰਚ ਗਈ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸਰਕਾਰੀ ਦਫਤਰ ਇਸ ਸੰਕਟ ਕਾਰਨ ਅੱਗੇ ਤੋਂ ਸਵੇਰੇ 8 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਕੰਮ ਕਰਨਗੇ, ਪਰ ਏਅਰ ਕੰਡੀਸ਼ਨਰ (ਏਸੀ) ਦੀ ਵਰਤੋਂਦੀ ਪਾਬੰਦੀ ਲਾਉਣ ਦਾ ਫੈਸਲਾ ਅਜੇ ਨਹੀਂ ਲਿਆ ਗਿਆ।ਮੁੱਖ ਮੰਤਰੀ ਨੇ ਬਿਜਲੀ ਵਿਭਾਗ ਦੇ ਪ੍ਰਦਰਸ਼ਨਕਾਰੀ ਮੁਲਾਜ਼ਮਾਂ ਨੂੰ ਆਪਣਾ ਸੰਘਰਸ਼ ਰੋਕਣ ਦੀ ਅਪੀਲ ਦੇ ਨਾਲ ਕਿਹਾ ਕਿ ਇਸ ਨਾਲ ਸੰਕਟ ਵਧੇਗਾ ਅਤੇ ਫੀਡਰਾਂ ਅਤੇ ਸਬ-ਸਟੇਸ਼ਨਾਂ ਦੀ ਓਵਰਲੋਡਿੰਗ ਨਾਲ ਬਿਜਲੀ ਵਿੱਚ ਨੁਕਸ ਦੀਆਂ ਸ਼ਿਕਾਇਤਾਂ ਨੂੰ ਛੇਤੀਨਹੀਂ ਨਿਪਟਾਇਆ ਜਾ ਸਕੇਗਾ।

SCAN WITH YOUR PHONE CAMERA

SIGN UP FOR MY WEEKLY EMAIL

# Happy Canada Day!



AS WE REFLECT ON THE PAST AND WORK TOWARDS BUILDING A BETTER CANADA, LET'S ALSO CELEBRATE

- delivering millions of dose of safe, free, and effective vaccine every week
- rebuilding a greener and more inclusive Canada
- investing in our communities and a robust economic recovery

Ruby.Sahota@parl.gc.ca
905.840.0505
www.RubySahotaMP.ca


@rubysahotalib

RUBY SAHOTA
Member of Parliament ~ Brampton North



# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2455 | 42' |

EXCLUSIVE FOR SALE IN WOODSTOCK



FOR SALE
EXCLUSIVE
JAMES C

CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2250 | 36' |


3+1 bdrms with finished Basement




Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਮਾਮਲਾ ਸਰਕਾਰਾਂ ਦੀ ਨੁਕਤਾਚੀਨੀ ਕਰਨ ਅਤੇ ਸਰਕਾਰੀ ਕਹਿਰ ਜਰਨ ਲਈ ਤਿਆਰ ਰਹਿਣ ਦਾ



ਜਤਿੰਦਰ ਪੰਨੂ

ਚੰਗੀ ਗੱਲ ਇਹ ਹੋਈ ਹੈ ਕਿ ਸੀਨੀਅਰ ਪੱਤਰਕਾਰ ਵਿਨੋਦ ਦੂਆ ਵਾਲੇ ਕੇਸ ਵਿੱਚ ਭਾਰਤ ਦੀ ਸੁਪਰੀਮ ਕੋਰਟ ਨੇ ਇੱਕ ਫੈਸਲਾ ਦੇ ਦਿੱਤਾ ਹੈ ਕਿ ਸਰਕਾਰ ਜਾਂ ਸਿਸਟਮ ਦੀ ਨੁਕਤਾਚੀਨੀ ਕਰਨਾ ਦੇਸ਼-ਧ੍ਰੋਹ ਨਹੀਂ ਕਿਹਾ ਜਾ ਸਕਦਾ। ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਇਹ ਮੰਦਾ ਰੁਝਾਨ ਪੈ ਚੁੱਕਾ ਹੈ ਕਿ ਜਿਸ ਬੰਦੇ ਦੇ ਬੋਲਣ ਜਾਂ ਲਿਖਣ ਨੂੰ ਸਰਕਾਰ ਪਸੰਦ ਨਹੀਂ ਕਰਦੀ, ਉਸ ਉੱਤੇ ਆਮ ਕਰ ਕੇ ਦੇਸ਼-ਧ੍ਰੋਹੀ ਵਾਲਾ ਫੱਟਾ ਲਾ ਦਿੱਤਾ ਜਾਂਦਾ ਹੈ। ਏਦਾਂ ਦਾ ਕੰਮ ਕਰਨ ਵਿੱਚ ਕਿਸੇ ਵੀ ਰੰਗ ਦੀ ਸਿਆਸਤ ਕਰਨ ਵਾਲੀ ਪਾਰਟੀ ਦੀ ਸਰਕਾਰ ਨੇ ਕਦੇ ਸ਼ਰਮ ਨਹੀਂ ਕੀਤੀ। ਅਸੀਂ ਲੋਕ ਨਿੱਤ ਦਿਨ ਕੇਂਦਰ ਅਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਦੀ ਨੁਕਤਾਚੀਨੀ ਕਰਦੇ ਅਤੇ ਲੋਕਾਂ ਨੂੰ ਉਨ੍ਹਾਂ ਦੇ ਕਿਰਦਾਰ ਦੀ ਕਾਲਖ ਦਿਖਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ ਤਾਂ ਸਰਕਾਰਾਂ ਚਲਾਉਣ ਵਾਲਿਆਂ ਨੂੰ ਇਸ ਨਾਲ ਜਿਹੜੀ ਕੌੜ ਚੜ੍ਹਦੀ ਹੈ, ਉਹ ਇਨ੍ਹਾਂ ਕੇਸਾਂ ਵਿੱਚ ਕਦੇ ਵੀ ਕਿਸੇ ਪੱਤਰਕਾਰ ਜਾਂ ਕਿਸੇ ਹੋਰ ਵੰਨਗੀ ਦੇ ਲੇਖਕ ਦੇ ਖਿਲਾਫ ਕੱਢੀ ਜਾ ਸਕਦੀ ਹੈ। ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਤੋਂ ਬਾਅਦ ਇਹ ਵਿਹਾਰ ਘਟ ਸਕਦਾ ਹੈ, ਪਰ ਇਹ ਬਿਲਕੁਲ ਨਹੀਂ ਸੋਚਿਆ ਜਾ ਸਕਦਾ ਕਿ ਅੱਗੇ ਤੋਂ ਏਦਾਂ ਦਾ ਕੇਸ ਹੀ ਕਿਸੇ ਉੱਤੇ ਨਹੀਂ ਬਣ ਸਕਦਾ। ਅਜੇ ਵੀ ਇਹ ਵਿਹਾਰ ਪੂਰੀ ਤਰ੍ਹਾਂ ਹਟਣ ਦੀ ਆਸ ਕਰਨੀ ਔਖੀ ਹੈ।

ਜਦੋਂ ਸਰਕਾਰਾਂ ਦੇ ਇਸ ਵਿਹਾਰ ਦੇ ਮੋੜਾ ਕੱਟਣ ਦੀ ਆਸ ਨਹੀਂ ਤਾਂ ਕਈ ਲੋਕ ਇਹ ਕਹਿ ਦੇਂਦੇ ਹਨ ਕਿ ਅਜਿਹੇ ਹਾਲਾਤ ਵਿੱਚ ਸਰਕਾਰਾਂ ਦੇ ਖਿਲਾਫ ਥੋੜ੍ਹਾ ਬਚ ਕੇ ਹੀ ਲਿਖਣਾ ਚਾਹੀਦਾ ਹੈ। ਇੱਕ ਪੰਜਾਬੀ ਲੇਖਕ ਨੇ ਲਿਖਿਆ ਹੈ ਕਿ 'ਮੈਂ ਭੁਲਾਵਾਂ ਬੜਾ ਬੇਰੁਖੀ ਓਸ ਦੀ, ਉਹ ਮੁੜ-ਮੁੜ ਯਾਦ ਆਵੇ ਤਾਂ ਮੈਂ ਕੀ ਕਰਾਂ।' ਸਾਡੀ ਹਾਲਤ ਵੀ ਇਹੀ ਹੈ ਕਿ ਸਰਕਾਰਾਂ ਦੇ ਖਿਲਾਫ ਲਿਖਣ ਦਾ ਸਾਨੂੰ ਕੋਈ ਚਸਕਾ ਨਹੀਂ, ਪਰ ਜੇ ਸਰਕਾਰਾਂ ਦੇ ਅੰਦਰੂਨੀ ਹਾਲਾਤ ਦੀ ਭੱਦੀ ਤਸਵੀਰ ਮੁੜ-ਮੁੜ ਸਾਹਮਣੇ ਆਵੇ ਤਾਂ ਅਸੀਂ ਕੀ ਕਰੀਏ, ਸਾਨੂੰ ਉਸ ਵਕਤ ਲਿਖਣਾ ਪੈਂਦਾ ਹੈ। ਅਸੀਂ ਚੁੱਪ ਨਹੀਂ ਰਹਿ ਸਕਦੇ। ਇਸ ਹਫਤੇ ਦੌਰਾਨ ਫਿਰ ਕਿੰਨਾ ਕੁਝ ਏਦਾਂ ਦਾ ਬਾਹਰ ਆ ਗਿਆ ਹੈ ਕਿ ਅਸੀਂ ਉਨ੍ਹਾਂ ਦੀ ਗੱਲ ਕੀਤੇ ਬਿਨਾਂ ਨਹੀਂ ਰਹਿ ਸਕਦੇ।

ਸਾਡੇ ਸਾਹਮਣੇ ਇੱਕ ਸਵਾਲ ਓਦੋਂ ਉੱਭਰਿਆ, ਜਦੋਂ ਇਹ ਖਬਰ ਆਈ ਕਿ ਓਮ ਪ੍ਰਕਾਸ਼ ਚੌਟਾਲਾ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਦਸ ਸਾਲ ਦੀ ਜੇਲ੍ਹ ਕੱਟਣ ਪਿੱਛੋਂ ਬਾਹਰ ਆ ਰਿਹਾ ਹੈ ਤਾਂ ਉਸ ਦੇ ਸਵਾਗਤ ਲਈ ਚੌਟਾਲਾ ਪਰਵਾਰ ਵਿੱਚ ਹੋੜ ਲੱਗੀ ਪਈ ਹੈ। ਇੱਕ ਪਾਸੇ ਚੌਟਾਲੇ ਦਾ ਛੋਟਾ ਪੁੱਤਰ ਅਭੈ ਚੌਟਾਲਾ ਕਿਸੇ ਨੂੰ ਆਪਣੇ ਬਰਾਬਰ ਨਹੀਂ ਸਮਝਦਾ ਅਤੇ ਦੂਸਰੇ ਪਾਸੇ ਚੌਟਾਲੇ ਦੇ ਨਾਲ ਜੇਲ੍ਹ ਕੱਟ ਰਹੇ ਵੱਡੇ ਪੁੱਤਰ ਅਜੈ ਚੌਟਾਲਾ ਦਾ ਪੁੱਤਰ ਅੱਜਕੱਲ੍ਹ ਹਰਿਆਣੇ ਦਾ ਡਿਪਟੀ ਮੁੱਖ ਮੰਤਰੀ ਬਣਨ ਕਾਰਨ ਬਾਕੀ ਸਭਨਾਂ ਤੋਂ ਖੁਦ ਨੂੰ ਵੱਡਾ ਸਮਝਦਾ ਹੈ। ਸਵਾਗਤ ਉਸ ਓਮ ਪ੍ਰਕਾਸ਼ ਚੌਟਾਲਾ ਦਾ ਕਰਨਾ ਸੀ, ਜਿਹੜਾ ਬੱਤੀ ਸੌ ਤੋਂ ਵੱਧ ਜੇ ਬੀ ਟੀ ਟੀਚਰਾਂ ਨੂੰ ਪੈਸੇ ਲੈ ਕੇ ਭਰਤੀ ਕਰਨ ਦਾ ਦੋਸ਼ੀ ਸਾਬਤ ਹੋਇਆ ਸੀ ਤਾਂ ਸੋਲਾਂ ਔਰਤਾਂ ਸਮੇਤ ਕੁੱਲ ਪਚਵੰਜਾ ਜਣੇ ਜੇਲ੍ਹ ਪਹੁੰਚ ਗਏ ਸਨ। ਭਾਰਤ ਦੇਸ਼ ਏਨਾ ਮਹਾਨ ਹੈ ਕਿ ਏਡੇ ਵੱਡੇ ਭ੍ਰਿਸ਼ਟਾਚਾਰ ਦਾ ਦੋਸ਼ੀ ਬੰਦਾ ਦਸ ਸਾਲ ਜੇਲ੍ਹ ਦੀ ਸਜ਼ਾ ਭੁਗਤ ਕੇ ਆਵੇ ਤਾਂ ਉਸ ਦਾ ਸਵਾਗਤ ਕਿਸੇ ਹੀਰੋ ਵਰਗਾ ਹੋ ਸਕਦਾ ਹੈ।

ਦੂਸਰਾ ਮਾਮਲਾ ਪਾਰਲੀਮੈਂਟ ਮੈਂਬਰ ਅਤੇ ਭਾਜਪਾ ਆਗੂ ਸਾਧਵੀ ਪ੍ਰਗਿਆ ਦਾ ਹੈ। ਕਿਸੇ ਸਮੇਂ ਮਹਾਰਾਸ਼ਟਰ ਰਾਜ ਦੇ ਮਾਲੇਗਾਉਂ ਸ਼ਹਿਰ ਵਿੱਚ ਬੰਬ ਧਮਾਕੇ ਵਿੱਚ ਕਈ ਲੋਕ ਮਾਰੇ ਗਏ ਤਾਂ ਪਹਿਲਾਂ ਮੁਸਲਿਮ ਭਾਈਚਾਰੇ ਦੇ ਲੋਕਾਂ ਉੱਤੇ ਦੋਸ਼ ਲੱਗਾ ਤੇ ਫਿਰ ਗੱਲ ਪਤਾ ਲੱਗੀ ਕਿ ਧਮਾਕੇ ਲਈ ਵਰਤਿਆ ਗਿਆ ਮੋਟਰ ਸਾਈਕਲ ਸਾਧਵੀ ਪ੍ਰਗਿਆ ਸਿੰਘ ਠਾਕਰ ਦਾ ਸੀ। ਉਸ ਦੀ ਪੁੱਛਗਿੱਛ ਹੋਈ ਅਤੇ ਫਿਰ ਉਸ ਨੂੰ ਜੇਲ੍ਹ ਭੇਜਣਾ ਪਿਆ। ਜਿਸ ਪੁਲਸ ਅਫਸਰ ਹੇਮੰਤ ਕਰਕਰੇ ਨੇ ਸਾਧਵੀ ਪ੍ਰਗਿਆ ਦੀ ਪੁੱਛਗਿੱਛ ਕੀਤੀ, ਉਹ ਮੁੰਬਈ ਵਿੱਚ ਹੋਏ ਹਮਲੇ ਸਮੇਂ ਪਾਕਿਸਤਾਨੋਂ ਆਏ ਅੱਤਵਾਦੀਆਂ ਨਾਲ ਟੱਕਰ ਲੈਂਦਾ ਮਾਰਿਆ ਗਿਆ। ਸਾਧਵੀ ਪ੍ਰਗਿਆ ਦੀ ਪੁੱਛਗਿੱਛ ਵੇਲੇ ਭਾਜਪਾ ਆਗੂਆਂ ਨੇ ਹੇਮੰਤ ਕਰਕਰੇ ਨੂੰ ਹਿੰਦੂਤੱਵ ਦਾ ਦੁਸ਼ਮਣ ਤੇ ਕਈ ਕੁਝ ਹੋਰ ਕਿਹਾ ਸੀ। ਜਦੋਂ ਉਹ ਲੜਦਾ ਮਾਰਿਆ ਗਿਆ ਤਾਂ ਲਾਲ ਕ੍ਰਿਸ਼ਨ ਅਡਵਾਨੀ ਨੇ ਉਸ ਦੇ ਘਰ ਅਫਸੋਸ ਦੇ ਲਈ ਜਾਣ ਦਾ ਮਨ ਬਣਾਇਆ। ਅੱਗੋਂ ਹੇਮੰਤ ਕਰਕਰੇ ਦੀ ਪਤਨੀ ਨੇ ਕਹਿ ਦਿੱਤਾ ਕਿ ਜਿਉਂਦੇ ਨੂੰ ਤੁਸੀਂ ਭੰਡਦੇ ਰਹੇ ਹੋ, ਅੱਜ ਉਸ ਦਾ ਅਫਸੋਸ ਕਰਨ ਲਈ ਮੇਰੇ ਘਰ ਕੋਈ ਨਾ ਆਇਓ। ਇਸ ਦੇ ਬਾਵਜੂਦ ਸਾਰੇ ਭਾਜਪਾ ਆਗੂ ਅੱਜ ਤੱਕ ਉਸ ਪੁਲਸ ਅਫਸਰ ਨੂੰ ਦੇਸ਼ ਦਾ ਸ਼ਹੀਦ ਕਹਿੰਦੇ ਆਏ ਹਨ, ਪਰ ਉਨ੍ਹਾਂ ਦੀ ਪਾਰਲੀਮੈਂਟ ਮੈਂਬਰ ਸਾਧਵੀ ਪ੍ਰਗਿਆ ਠਾਕਰ ਇਹ ਕਹਿੰਦੀ ਹੈ ਕਿ ਉਹ ਅੱਤਵਾਦੀਆਂ ਦਾ ਮਾਰਿਆ ਨਹੀਂ ਮਰਿਆ, ਮੇਰੇ ਸਰਾਫ ਨਾਲ ਮਰਿਆ ਸੀ, ਉਹ ਬੰਦਾ ਪਾਪੀ ਰੂਹ ਸੀ ਤੇ ਉਸ ਦਾ ਇਹੋ ਹਸ਼ਰ ਹੋਣਾ ਚਾਹੀਦਾ ਸੀ। ਭਾਜਪਾ ਦੇ ਸਾਰੇ ਵੱਡੇ-ਛੋਟੇ ਆਗੂ ਨਾ ਹੇਮੰਤ ਨੂੰ ਗਲਤ ਕਹਿ ਸਕਦੇ ਹਨ ਤੇ ਨਾ ਸਾਧਵੀ ਨੂੰ ਮੂੰਹ ਬੰਦ ਰੱਖਣ ਲਈ ਕਹਿਣ ਦੀ ਜੁਰਅੱਤ ਕਰਦੇ ਹਨ ਤੇ ਸਾਧਵੀ ਆਏ ਦਿਨ ਇਹੋ ਜਿਹੇ ਬਿਆਨ ਛੱਡੀ ਜਾਂਦੀ ਹੈ ਕਿ ਉਸ ਨਾਲ ਸਿਰਫ ਇਸ ਪਾਰਟੀ ਦਾ ਨਹੀਂ, ਸਾਰੇ ਭਾਰਤ ਦਾ ਵੀ ਅਕਸ ਖਰਾਬ ਹੋਈ ਜਾਂਦਾ ਹੈ।

ਤੀਸਰਾ ਮਾਮਲਾ ਉੱਤਰ ਪ੍ਰਦੇਸ਼ ਵਿੱਚ ਬਣਾਏ ਜਾ ਰਹੇ ਰਾਮ ਮੰਦਰ ਲਈ ਜ਼ਮੀਨ ਦੀ ਖਰੀਦ ਸੌਦਿਆਂ ਵਿੱਚ ਹੁੰਦੇ ਭ੍ਰਿਸ਼ਟਾਚਾਰ ਦਾ ਹੈ। ਪਹਿਲਾਂ ਚਰਚਾ ਛਿੜੀ ਕਿ ਜ਼ਮੀਨ ਦਾ ਇੱਕ ਹਿੱਸਾ ਦੋ ਪ੍ਰਾਪਰਟੀ ਡੀਲਰਾਂ ਨੇ ਕਿਸੇ ਬੰਦੇ ਕੋਲੋਂ ਢਾਈ ਕਰੋੜ ਰੁਪਏ ਦਾ ਖਰੀਦਿਆ ਅਤੇ ਸਿਰਫ ਦਸ ਮਿੰਟ ਪਿੱਛੋਂ ਉਹੋ ਜ਼ਮੀਨ ਸਾਢੇ ਅਠਾਰਾਂ ਕਰੋੜ ਵਿੱਚ ਰਾਮ ਮੰਦਰ ਨੂੰ ਵੇਚ ਦਿੱਤੀ ਹੈ ਅਤੇ ਢਾਈ ਕਰੋੜ ਤੇ ਸਾਢੇ ਅਠਾਰਾਂ ਕਰੋੜ ਦੇ ਦੋਵਾਂ ਸੌਦਿਆਂ ਉੱਤੇ ਰਾਮ ਮੰਦਰ ਦੇ ਇੱਕ ਟਰੱਸਟੀ ਦੇ ਦਸਖਤ ਹਨ। ਏਦਾਂ ਸਿਰਫ ਦਸ ਮਿੰਟਾਂ ਵਿੱਚ ਸਾਢੇ ਸੋਲਾਂ ਕਰੋੜ ਦੀ ਹੇਰਾਫੇਰੀ ਕੀਤੀ ਨੰਗੀ ਹੋ ਗਈ। ਪਿੱਛੋਂ ਇਸ ਸੌਦੇ ਬਾਰੇ ਇਹ ਭੇਦ ਖੁੱਲ੍ਹਾ ਕਿ ਜਿਨ੍ਹਾਂ ਦੋ ਪ੍ਰਾਪਰਟੀ ਡੀਲਰਾਂ ਨੇ ਢਾਈ ਕਰੋੜ ਰੁਪਏ ਦੀ ਜ਼ਮੀਨ ਖਰੀਦ ਕੇ ਦਸ ਮਿੰਟਾਂ ਪਿੱਛੋਂ ਰਾਮ ਮੰਦਰ ਨੂੰ ਸਾਢੇ ਅਠਾਰਾਂ ਕਰੋੜ ਦੀ ਵੇਚੀ ਸੀ, ਉਨ੍ਹਾਂ ਨੇ ਜਿਸ ਬੰਦੇ ਤੋਂ ਢਾਈ ਕਰੋੜ ਦੀ ਜ਼ਮੀਨ ਲਈ, ਉਹ ਅਯੁੱਧਿਆ ਖੇਤਰ ਦੇ ਹਜ਼ਾਰਾਂ ਲੋਕਾਂ ਨਾਲ ਕਰੋੜਾਂ ਦੀ ਠੱਗੀ ਦਾ ਦੋਸ਼ੀ ਸੀ ਤੇ ਅਦਾਲਤ ਨੇ ਭਗੌੜਾ ਕਰਾਰ ਦੇ ਕੇ ਦੋ ਸਾਲ ਪਹਿਲਾਂ ਉਸ ਦੀ ਸਾਰੀ ਜਾਇਦਾਦ ਜ਼ਬਤ ਕਰਵਾ ਦਿੱਤੀ ਸੀ। ਜੇ ਉਸ ਦੀ ਸਾਰੀ ਜਾਇਦਾਦ ਦੋ ਸਾਲ ਪਹਿਲਾਂ ਅਦਾਲਤੀ ਹੁਕਮ ਦੇ ਨਾਲ ਜ਼ਬਤ ਹੋ ਚੁੱਕੀ ਸੀ ਤਾਂ ਇਹ ਢਾਈ ਕਰੋੜ ਦੀ ਜ਼ਮੀਨ ਕਿਵੇਂ ਬਚੀ ਰਹਿ ਗਈ ਤੇ ਸਵਾਲ ਇਹ ਵੀ ਹੈ ਕਿ ਜਿਸ ਬੰਦੇ ਨੂੰ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਹੋਇਆ ਹੈ, ਉਹ ਇਸ ਜ਼ਮੀਨ ਦੀ ਰਜਿਸਟਰੀ ਕਰਨ ਲਈ ਪੁਲਸ ਦੀ ਹਾਜ਼ਰੀ ਵਿੱਚ ਅਦਾਲਤ ਕਿਵੇਂ ਪਹੁੰਚ ਗਿਆ? ਹਾਲੇ ਇਹ ਗੱਲ ਠੰਢੀ ਨਾ ਪਈ ਕਿ ਏਸੇ ਰਾਮ ਮੰਦਰ ਲਈ ਢਾਈ ਕਰੋੜ ਦੀ ਜ਼ਮੀਨ ਖਰੀਦਣ ਦਾ ਇੱਕ ਹੋਰ ਸਕੈਂਡਲ ਨਿਕਲ ਪਿਆ। ਭਾਜਪਾ ਆਗੂ ਅਤੇ ਅਯੁੱਧਿਆ ਦੇ ਮੇਅਰ ਦੇ ਭਤੀਜੇ ਨੇ ਕਿਸੇ ਤੋਂ ਏਸੇ ਸਾਲ ਫਰਵਰੀ ਵਿੱਚ ਜ਼ਮੀਨ ਦਾ ਇਹ ਦੂਸਰਾ ਟੁਕੜਾ ਵੀਹ ਲੱਖ ਦਾ ਖਰੀਦਿਆ ਸੀ ਤੇ ਮਈ ਚੜ੍ਹਦੇ ਸਾਰ ਉਸ ਨੇ ਰਾਮ ਮੰਦਰ ਨੂੰ ਢਾਈ ਕਰੋੜ ਰੁਪਏ ਦਾ ਵੇਚ ਕੇ ਦੋ ਕਰੋੜ ਤੀਹ ਲੱਖ ਕਮਾ ਲਏ। ਇਹ ਚਰਚਾ ਛਿੜਦੇ ਸਾਰ ਓਥੋਂ ਦੇ ਹਨੂੰਮਾਨ ਮੰਦਰ ਦੇ ਮਹੰਤ ਨੇ ਰੌਲਾ ਪਾ ਦਿੱਤਾ ਕਿ ਮੇਅਰ ਦੇ ਭਤੀਜੇ ਨੂੰ ਇਹ ਜ਼ਮੀਨ ਰਾਮ ਮੰਦਰ ਲਈ ਸਾਡੇ ਮੰਦਰ ਨੇ ਦਾਨ ਦਿੱਤੀ ਸੀ, ਸੌਦਾ ਕਿਸ ਤਰ੍ਹਾਂ ਕੀਤਾ ਗਿਆ ਹੈ? ਫਿਰ ਇਹ ਭੇਦ ਖੁੱਲ੍ਹਾ ਕਿ ਇਹ ਸਰਕਾਰੀ ਜ਼ਮੀਨ ਸੀ, ਜਿਸ ਨੂੰ ਨਜ਼ੂਲ ਕਿਹਾ ਜਾਂਦਾ ਹੈ ਤੇ ਇਹ ਜਿਸ ਕੋਲ ਹੋਵੇ, ਉਹ ਵਰਤ ਸਕਦਾ ਹੈ, ਅੱਗੇ ਕਿਸੇ ਨੂੰ ਵੇਚਣ ਦਾ ਸੌਦਾ ਕਰ ਹੀ ਨਹੀਂ ਸਕਦਾ ਤੇ ਚੌਬੁਰਜੀ ਦੇ ਹਨੂੰਮਾਨ ਮੰਦਰ ਕੋਲ ਵੀ ਇਹ ਜ਼ਮੀਨ ਬਗੈਰ ਰਜਿਸਟਰੀ ਤੋਂ ਸੀ ਤੇ ਉਨ੍ਹਾਂ ਦਾਨ ਵਿੱਚ ਦੇਣ ਵੇਲੇ ਇਹ ਗੱਲ ਦੱਸ ਦਿੱਤੀ ਸੀ। ਉਸ ਦੀ ਰਜਿਸਟਰੀ ਕਰਨ-ਕਰਾਉਣ ਦੀ ਲੋੜ ਨਹੀਂ ਸੀ, ਪਰ ਰਜਿਸਟਰੀ ਦਾ ਨਾਟਕ ਇਸ ਜ਼ਮੀਨ ਨੂੰ ਨਜ਼ੂਲ ਦੀ ਸਰਕਾਰੀ ਜ਼ਮੀਨ ਦੱਸਣ ਦੇ ਬਜਾਏ ਮੇਅਰ ਦੇ ਭਤੀਜੇ ਦੇ ਨਿੱਜੀ ਮਾਲਕੀ ਦੱਸਣ ਵਾਸਤੇ ਜਾਅਲੀ ਮਾਲਕ ਖੜਾ ਕਰ ਕੇ ਉਸ ਕੋਲੋਂ ਇੱਕ ਰਜਿਸਟਰੀ ਕਰਵਾ ਕੇ ਆਪਣੇ ਨਾਂਅ ਕਰਵਾਉਣੀ ਤੇ ਰਾਮ ਮੰਦਰ ਦੇ ਨਾਂਅ ਵੇਚ ਕੇ ਢਾਈ ਕਰੋੜ ਰੁਪਏ ਦੀ ਕਮਾਈ ਕਰਨੀ ਸੀ। ਰਜਿਸਟਰੀ ਪਹਿਲੀ ਹੋਵੇ ਜਾਂ ਦੂਸਰੀ, ਇਹ ਸਾਰਾ ਕੁਝ ਉਨ੍ਹਾਂ ਲੀਡਰਾਂ ਨੇ ਕੀਤਾ ਹੈ, ਜਿਹੜੇ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਹੋਏ ਰਾਮ-ਭਗਤ ਹਨ ਅਤੇ ਰਾਮ ਮੰਦਰ ਨਾਲ ਧੋਖਾ ਕਰਨ ਤੋਂ ਵੀ ਨਹੀਂ ਝਿਜਕੇ।

ਏਥੇ ਆ ਕੇ ਇੱਕ ਸਵਾਲ ਖੜਾ ਹੋ ਜਾਂਦਾ ਹੈ ਕਿ ਜਦੋਂ ਏਨਾ ਹਨੇਰ-ਖਾਤਾ ਹੁੰਦਾ ਹੈ ਤਾਂ ਸਰਕਾਰ ਦੇ ਅਧਿਕਾਰੀ ਕੀ ਕਰਦੇ ਹਨ, ਉਨ੍ਹਾਂ ਨੂੰ ਤਨਖਾਹਾਂ ਕਾਹਦੇ ਲਈ ਮਿਲਦੀਆਂ ਹਨ? ਇਹ ਜਾਨਣ ਲਈ ਵੀ ਕਿਸੇ ਤੀਸਰੇ ਰਾਜ ਦੀ ਕਹਾਣੀ ਪਾਉਣ ਦੀ ਥਾਂ ਏਸੇ ਉੱਤਰ ਪ੍ਰਦੇਸ਼ ਦਾ ਇੱਕ ਕਿੱਸਾ ਹੋਰ ਲੱਭ ਪਿਆ ਹੈ, ਜਿਸ ਤੋਂ ਸੋਚਿਆ ਜਾ ਸਕਦਾ ਹੈ ਕਿ ਉਸ ਰਾਜ ਵਿੱਚ ਏਦਾਂ ਦਾ ਕੰਮ ਅੱਜ ਨਹੀਂ ਹੋਣ ਲੱਗਾ, ਚਿਰਾਂ ਤੋਂ ਹੁੰਦਾ ਪਿਆ ਹੈ। ਪਿਛਲੇ ਹਫਤੇ ਕਾਨਪੁਰ ਵਿੱਚ ਪੁਲਸ ਨੇ ਕੁਝ ਬੱਚੇ ਚੌਕਾਂ ਵਿੱਚ ਭੀਖ ਮੰਗਦੇ ਫੜੇ ਤਾਂ ਸੋਚਿਆ ਕਿ ਕਿਸੇ ਆਸ਼ਰਮ ਵਿੱਚ ਭੇਜ ਦਿੱਤੇ ਜਾਣ। ਜਦੋਂ ਸਰਕਾਰ ਦੇ ਸਮਾਜ ਭਲਾਈ ਮਹਿਕਮੇ ਵੱਲੋਂ ਚਲਾਏ ਜਾਂਦੇ ਆਸ਼ਰਮ ਬਾਰੇ ਪੁੱਛਿਆ ਤਾਂ ਉਹ ਭੇਦ ਖੁੱਲ੍ਹ ਗਿਆ, ਜਿਸ ਬਾਰੇ ਕੋਈ ਸੋਚ ਨਹੀਂ ਸਕਦਾ। ਪਤਾ ਲੱਗਾ ਕਿ ਬੱਤੀ ਸਾਲ ਪਹਿਲਾਂ ਰਾਜ ਸਰਕਾਰ ਨੇ ਉਸ ਸ਼ਹਿਰ ਵਿੱਚ ਭਿਖਾਰੀਆਂ ਲਈ ਇੱਕ ਆਸ਼ਰਮ ਬਣਾਇਆ ਤੇ ਦੋ ਦਰਜਨ ਦੇ ਕਰੀਬ ਮੁਲਾਜ਼ਮ ਭਰਤੀ ਕੀਤੇ ਸਨ, ਜਿਨ੍ਹਾਂ ਵਿੱਚੋਂ ਬਾਕੀ ਸਾਰੇ ਰਿਟਾਇਰ ਹੋ ਗਏ ਤੇ ਇਸ ਵਕਤ ਸਿਰਫ ਇੱਕ ਕਲਰਕ ਅਤੇ ਦੋ ਸੇਵਾਦਾਰ ਹਨ। ਉਸ ਆਸ਼ਰਮ ਵਿੱਚ ਭਿਖਾਰੀਆਂ ਦੇ ਰਹਿਣ ਲਈ ਅਠਾਰਾਂ ਕਮਰੇ ਤੇ ਕੰਮ ਕਰਨ ਦੀ ਟਰੇਨਿੰਗ ਦੇਣ ਲਈ ਚਾਰ ਹਾਲ ਕਮਰੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਬੱਤੀ ਸਾਲਾਂ ਵਿੱਚ ਕਦੇ ਇੱਕ ਵੀ ਭਿਖਾਰੀ ਫੜ ਕੇ ਏਥੇ ਨਹੀਂ ਲਿਆਂਦਾ ਗਿਆ ਅਤੇ ਅਠਾਰਾਂ ਹਜ਼ਾਰ ਰੁਪਏ ਮਹੀਨਾ ਕਿਰਾਏ ਦੀ ਬਿਲਡਿੰਗ ਵਿੱਚ ਮੁਲਾਜ਼ਮ ਨੌਕਰੀ ਕਰਦੇ ਤੇ ਰਿਟਾਇਰ ਹੋ ਜਾਂਦੇ ਰਹੇ। ਇਨ੍ਹਾਂ ਬੱਤੀ ਸਾਲਾਂ ਵਿੱਚ ਇੱਕ ਵਾਰੀ ਮੁੱਖ ਮੰਤਰੀ ਐੱਨ ਡੀ ਤਿਵਾੜੀ ਦਾ ਰਾਜ ਸੀ, ਦੋ ਵਾਰੀ ਕਲਿਆਣ ਸਿੰਘ, ਤਿੰਨ ਵਾਰੀ ਬੀਬੀ ਮਾਇਆਵਤੀ, ਚਾਰ ਵਾਰੀ ਮੁਲਾਇਮ ਸਿੰਘ, ਇੱਕ ਵਾਰੀ ਭਾਰਤ ਦਾ ਅੱਜ ਦਾ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਇੱਕ ਵਾਰੀ ਮੁਲਾਇਮ ਸਿੰਘ ਦਾ ਮੁੰਡਾ ਰਾਜ ਕਰ ਚੁੱਕੇ ਹਨ, ਪਰ ਕਿਸੇ ਨੂੰ ਵੀ ਕਦੀ ਇਹ ਪਤਾ ਨਹੀਂ ਲੱਗਾ ਕਿ ਉਨ੍ਹਾਂ ਦੇ ਰਾਜ ਵਿੱਚ ਆਹ ਕੁਝ ਹੋਈ ਜਾਂਦਾ ਹੈ। ਜਿਸ ਰਾਜ ਵਿੱਚ ਹਰ ਰੰਗ ਦੀ ਪਾਰਟੀ ਦੀ ਸਰਕਾਰ ਦੌਰਾਨ ਇੱਕ ਡੱਕਾ ਵੀ ਤੋੜੇ ਬਿਨਾਂ ਬੱਤੀ ਸਾਲ ਬਾਈ ਮੁਲਾਜ਼ਮ ਤਨਖਾਹਾਂ ਲੈ ਕੇ ਸੇਵਾ-ਮੁਕਤ ਹੋ ਸਕਦੇ ਹਨ, ਭਗਵਾਨ ਰਾਮ ਦੇ ਨਾਂਅ ਉੱਤੇ ਜ਼ਮੀਨ ਖਰੀਦਣ ਲਈ ਰਾਮ ਮੰਦਰ ਦਾ ਇੱਕ ਟਰੱਸਟੀ ਤੇ ਰਾਮ ਦੀ ਨਗਰੀ ਦਾ ਮੇਅਰ ਠੱਗੀ-ਠੋਰੀ ਦੀ ਚਰਚਾ ਵਿੱਚ ਆ ਸਕਦੇ ਹਨ, ਉਸ ਰਾਜ ਵਿੱਚ ਹੋਰ ਕਿਹੜਾ ਪੁੱਠਾ ਕੰਮ ਨਹੀਂ ਹੁੰਦਾ ਹੋਵੇਗਾ, ਪਰ ਇਹ ਬਿਲਕੁਲ ਨਹੀਂ ਸਮਝਣਾ ਚਾਹੀਦਾ ਕਿ ਇਹ ਸਿਰਫ ਰਾਮ ਮੰਦਰ ਵਾਲੇ ਉੱਤਰ ਪ੍ਰਦੇਸ਼ ਵਿੱਚ ਹੁੰਦਾ ਹੈ, ਭਾਰਤ-ਮਹਾਨ ਦੇ ਲਗਭਗ ਹਰ ਰਾਜ ਵਿੱਚ ਏਦਾਂ ਦੇ ਕਿੱਸੇ ਬਹੁਤ ਲੱਭ ਪੈਣਗੇ, ਕੋਈ ਲੱਭਣ ਵਾਲਾ ਚਾਹੀਦਾ ਹੈ। ਫਿਰ ਜਿਸ ਪੱਤਰਕਾਰ ਜਾਂ ਹੋਰ ਲੇਖਕ ਨੇ ਇਨ੍ਹਾਂ ਕਿੱਸਿਆਂ ਦੀ ਚਰਚਾ ਕਰਨੀ ਹੈ, ਉਸ ਉੱਤੇ ਦੇਸ਼-ਧ੍ਰੋਹ ਦਾ ਕੇਸ ਕੋਈ ਵੀ ਸਰਕਾਰ ਬਣਾ ਸਕਦੀ ਹੈ ਤੇ ਇਸ ਦਾ ਚੇਤਾ ਰੱਖਣਾ ਚਾਹੀਦਾ ਹੈ, ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਦੇ ਬਾਵਜੂਦ ਭਾਰਤ ਦੀਆਂ ਸਰਕਾਰਾਂ ਨੇ ਏਦਾਂ ਕਰਨ ਤੋਂ ਟਲਣਾ ਨਹੀਂ।





## ਲਾਲ ਕਿਲ੍ਹਾ ਕੇਸ ਵਿੱਚ ਦਿੱਲੀ ਪੁਲਸ ਵੱਲੋਂ ਇੱਕ ਹੋਰ ਗ੍ਰਿਫ਼ਤਾਰ



ਅਮਰਕੋਟ, 1 ਜੁਲਾਈ (ਪੋਸਟ ਬਿਊਰੋ)- ਲਾਲ ਕਿਲ੍ਹਾ ਕੇਸ ਵਿੱਚ ਕੱਲ੍ਹ ਦਿੱਲੀ ਪੁਲਸ ਨੇ ਪਿੰਡ ਤਲਵੰਡੀ ਸੋਭਾ ਸਿੰਘ ਦੇ ਇੱਕ ਨੌਜਵਾਨ ਨੂੰ ਉਸ ਦੇ ਪਿੰਡ ਵਿਚਲੇ ਘਰ ਵਿੱਚੋਂ ਗ੍ਰਿਫ਼ਤਾਰ ਕੀਤਾ ਹੈ।

ਵਰਨਣ ਯੋਗ ਹੈ ਕਿ ਉਕਤ ਨੌਜਵਾਨ ਬੂਟਾ ਸਿੰਘ ਪੁੱਤਰ ਸੁਖਵਿੰਦਰ ਸਿੰਘ ਉਤੇ ਦਿੱਲੀ ਪੁਲਸ ਨੇ ਪੰਜਾਹ ਹਜ਼ਾਰ ਰੁਪਏ ਇਨਾਮ ਰੱਖਿਆ ਹੋਇਆ ਸੀ। ਬੂਟਾ ਸਿੰਘ ਦੀ ਟੀ ਵੀ ਉੱਤੇ ਤਸਵੀਰ ਵਾਇਰਲ ਹੋਣ ਪਿੱਛੋਂ ਦਿੱਲੀ ਪੁਲਸ ਨੇ ਪਿੰਡ ਤਲਵੰਡੀ ਸੋਭਾ ਸਿੰਘ ਦੇ ਚਾਰ ਜਣਿਆਂ ਉੱਤੇਕੇਸ ਦਰਜ ਕੀਤਾ ਸੀ ਤੇ ਉਦੋਂ ਤੋਂ ਇਹ ਨੌਜਵਾਨ ਦਿੱਲੀ ਪੁਲਸ ਦੇ ਸ਼ਿਕੰਜੇ ਵਿੱਚੋਂ ਬਾਹਰ ਸਨ। ਦਿੱਲੀ ਪੁਲਸ ਵੱਲੋਂ ਕੁਝ ਦਿਨ ਪਹਿਲਾਂ ਤਲਵੰਡੀ ਸੋਭਾ ਸਿੰਘ ਦੇ ਗੁਰਜੋਤ ਸਿੰਘ, ਜਿਸਦਾ ਇੱਕ ਲੱਖ ਰੁਪਏ ਦਾ ਇਨਾਮ ਸੀ, ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਕੱਲ੍ਹ ਰਾਤ ਬੂਟਾ ਸਿੰਘ ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ ਹੈ। ਬੂਟਾ ਸਿੰਘ ਦੇ ਪਰਵਾਰ ਨੇ ਦੋਸ਼ ਲਾਇਆ ਕਿ ਦਿੱਲੀ ਪੁਲਸ ਕੇਂਦਰ ਸਰਕਾਰ ਦੇ ਇਸ਼ਾਰੇ ਉੱਤੇ ਕੰਮ ਕਰ ਰਹੀ ਹੈ ਅਤੇ ਉਨ੍ਹਾਂ ਦੇ ਨੌਜਵਾਨ ਪੁੱਤਾਂ ਉਪਰ ਝੂਠੇ ਕੇਸ ਦਰਜ ਕਰਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਬਰਬਾਦ ਕਰਨ ਲੱਗੀ ਹੋਈ ਹੈ।

# ਮਾਨਸਾ ਨੇੜੇ ਕਾਰ ਦੀ ਬੱਸ ਨਾਲ ਟੱਕਰ, ਦੋ ਬੱਚਿਆਂ ਸਮੇਤ ਛੇ ਮੌਤਾਂ



ਮਾਨਸਾ, 1 ਜੁਲਾਈ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਕਸਬਾ ਜੋਗਾ ਨੇੜੇ ਅਲਟੋ ਕਾਰ ਅਤੇ ਇੱਕ ਬੱਸ ਦੀ ਟੱਕਰ ਵਿੱਚ ਕਾਰ ਸਵਾਰ ਛੇ ਜਣਿਆਂ ਦੀ ਮੌਕੇ ਉੱਤੇ ਮੌਤ ਹੋ ਗਈ ਹੈ ਅਤੇ ਦੋ ਬੱਚੇ ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿੱਚ ਡਰਾਈਵਰ ਤੋਂ ਇਲਾਵਾ ਤਿੰਨ ਔਰਤਾਂ ਤੇ ਇੱਕ ਬੱਚੀ ਤੇ ਇਕ ਬੱਚਾ ਸ਼ਾਮਲ ਹੈ।

ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹੇ ਦੇ ਪਿੰਡ ਹੀਰਕੇ (ਸਰਦੂਲਗੜ੍ਹ) ਵਿਖੇ ਬਾਬਾ ਨਾਰ-ਾਇਣ ਦਾਸ ਦੀ ਸਮਾਧ ਉੱਤੇ ਸਾਲਾਨਾ ਰਾਤਰੀ ਮੇਲਾ ਭਰਦਾ ਹੈ, ਜਿੱਥੇ ਪੰਜਾਬ ਤੋਂ ਇਲਾਵਾ ਹਰਿਆਣਾ ਤੇ ਰਾਜਸਥਾਨਤੋਂ ਲੋਕ ਆਉਂਦੇ ਹਨ। ਹਾਦਸੇ ਦਾ ਸ਼ਿਕਾਰ ਹੋਏ ਲੋਕ ਝਬਾਲ ਰੋਡ ਅੰਮ੍ਰਿਤਸਰ ਦੇ ਪਿੰਡ ਇੱਬਣ ਖ਼ੁਰਦ ਦੇ ਵਾਸੀ ਸਨ ਅਤੇ ਕਿਰਾਏ ਉੱਤੇ ਕਾਰ ਲੈ ਕੇ ਸਮਾਧ ਉੱਤੇ ਪੁੱਜੇ ਸਨ। ਰਾਤ ਮੇਲੇ ਵਿੱਚ ਸ਼ਾਮਲ ਹੋਣ ਪਿੱਛੋਂ ਬਾਅਦ ਦੁਪਹਿਰੇ ਚਾਰ ਵਜੇ ਦੇ ਕਰੀਬ ਜਦੋਂ ਉਹ ਵਾਪਸ ਜਾ ਰਹੇ ਸਨ ਤਾਂ ਮਾਨਸਾ-ਬਰਨਾਲਾ ਮੁੱਖ ਸੜਕ ਉੱਤੇ ਜੋਗਾ ਕਸਬੇ ਦੇ ਪੁਲ ਦੇ ਕੋਲ ਕਾਰ ਦੀ ਸਿੱਧੀ ਟੱਕਰ ਬੱਸ ਨਾਲ ਹੋ ਗਈ। ਚਸ਼ਮਦੀਦ ਸਵਾਰੀਆਂ ਅਤੇ ਡਰਾਈਵਰ ਦੇ ਦੱਸਣ ਅਨੁਸਾਰ ਜਦੋਂ ਸਾਹਮਣੇ ਤੋਂ ਡਿੱਕ-ਡੋਲੇ ਖਾਂਦੀ ਕਾਰ ਦਿਸੀ ਤਾਂ ਬੱਸ ਰੋਕਣ ਦੇ ਬਾਵਜੂਦ ਕਾਰਦੀ ਜ਼ੋਰਦਾਰ ਟੱਕਰ ਕਾਰਨ ਛੇ ਜਣੇ ਮੌਕੇ ਉੱਤੇਮਾਰੇ ਗਏ। ਮ੍ਰਿਤਕਾਂ ਵਿੱਚ ਡਰਾਈਵਰ ਤਰਸੇਮ ਲਾਲ (37) ਵਾਸੀ ਮੋਹਤਲੀ (ਹਿਮ-ਾਚਲ) ਤੋਂ ਇਲਾਵਾ ਭੋਲੀ ਦੇਵੀ (60), ਮਨਪ੍ਰੀਤ ਕੌਰ (35), ਮਨਦੀਪ ਕੌਰ (31) ਦੇ ਨਾਲ 10 ਸਾਲਾ ਲੜਕੀ ਤੇ ਅੱਠ ਸਾਲਾ ਲੜਕਾ ਸ਼ਾਮਲ ਸਨ। ਜ਼ਖ਼ਮੀਆਂ ਵਿੱਚ 12 ਸਾਲਾ ਲੜਕੀ ਤੇ ਦੋ ਸਾਲ ਦਾ ਬੱਚਾ ਹੈ, ਜਿਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਡਰਾਈਵਰ ਤੋਂ ਬਿਨਾਂ ਬਾਕੀ ਸਾਰੇ ਇੰਬਣ ਖ਼ੁਰਦ ਦੇ ਵਾਸੀ ਹਨ। ਪਤਾ ਲੱਗਾ ਹੈ ਕਿ ਇਹ ਲੋਕ ਦੋ ਸਾਲਾ ਬੱਚੇ ਦੀ ਸੁੱਖ ਲਾਹੁਣ ਲਈ ਉਸ ਸਥਾਨ ਉੱਤੇ ਆਏ ਸਨ। ਥਾਣਾ ਜੋਗਾ ਦੇ ਮੁੱਖ ਅਫ਼ਸਰ ਅਜੇ ਕੁਮਾਰ ਪਰੋਚਾ ਨੇ ਦੱਸਿਆ ਕਿ ਕੇਸਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਵਿਧਾਨ ਸਭਾ ਹਲਕਾ ਅਟਾਰੀ ਦੇ ਪਿੰਡ ਇੱਬਣ ਖੁਰਦ ਦੇ ਇੱਕੋ ਪਰਵਾਰ ਦੇ ਤਿੰਨ ਜੀਆਂ ਦੀ ਮਾਨ-ਸੇਵਿੱਚ ਸੜਕ ਹਾਦਸੇ ਵਿੱਚ ਮੌਤ ਹੋਣ ਬਾਰੇ ਬਾਬਾ ਭਜਨ ਦਾਸ ਨੇ ਦੱਸਿਆ ਕਿ ਹਰ ਸਾਲ ਵਾਂਗ ਇਸ ਪਿੰਡ ਵਿੱਚੋਂ ਵੱਡੀ ਗਿਣਤੀਸੰਗਤ ਜ਼ਿਲ੍ਹਾ ਮਾਨਸਾ ਦੇ ਪਿੰਡ ਹੀਰ ਕੇ ਵਿਖੇ ਪੀਰਾਂ ਦੀ ਦਰਗਾਹ ਉੱਤੇਗਈ ਸੀ। ਉਨ੍ਹਾਂ ਦੱਸਿਆ ਕਿ ਇਸ ਹਾਦਸੇ ਵਿੱਚ ਮੇਰੀ ਨੂੰਹ ਮਨਦੀਪ ਕੌਰ (35), ਪੋਤਰੀ ਖੁਸ਼ੀ (9) ਤੇ ਪੋਤਰਾ ਹਨੀ (7) ਦੀ ਮੌਤ ਹੋ ਗਈ ਅਤੇ ਪੋਤਰੀ ਸੀਰਤ ਉਮਰ ਪੰਜ ਸਾਲ ਸੜਕ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋਈ ਹੈ, ਜੋ ਲੁਧਿਆਣਾ ਵਿਖੇ ਇੱਕ ਹਸਪਤਾਲ ਵਿੱਚ ਦਾਖਲ ਹੈ।

# ਕੈ. ਅਮਰਿੰਦਰ ਨੇ ਡਰੋਨ ਹਮਲਿਆਂ ਬਾਰੇ ਪ੍ਰਧਾਨ ਮੰਤਰੀ ਨੂੰ ਅਗੇਤਾ ਸੁਚੇਤ ਕੀਤਾ ਸੀ

ਜਲੰਧਰ, 1 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਵੱਲੋਂਡਰੋਨ ਰਾਹੀਂ ਕਰਵਾਏ ਜਾਣ ਵਾਲੇ ਹਮਲਿਆਂ ਬਾਰੇਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਗੇਤੀ ਚਿਤਾਵਨੀ ਦੇ ਦਿੱਤੀ ਸੀ। ਵਰਨਣ ਯੋਗ ਹੈ ਕਿ ਜੰਮੂ ਵਿੱਚਦੋ ਦਿਨ ਪਹਿਲਾਂ ਭਾਰਤੀ ਏਅਰ ਫੋਰਸ ਸਟੇਸ਼ਨ ਉੱਤੇ ਡਰੋਨ ਹਮਲਾ ਹੋਇਆ ਸੀ। ਪੰਜਾਬ ਵਿੱਚ ਪਿਛਲੇ ਡੇਢ ਸਾਲ ਵਿੱਚਪਾਕਿਸਤਾਨ ਵੱਲੋਂ ਡਰੋਨ ਨਾਲ ਹਥਿਆਰ ਅਤੇ ਨਸ਼ੀਲੇ ਪਦਾਰਥ ਭੇਜਣ ਦੀਆਂ ਘਟਨਾਵਾਂ ਵਧੀਆਂ ਹਨ ਅਤੇ ਇਸ ਵਿੱਚਓਧਰਲੇ ਅੱਤਵਾਦੀ ਸੰਗਠਨਾਂ ਅਤੇ ਸਮੱਗਲਰਾਂ ਦਾ ਹੱਥ ਸਾਫ ਦਿਖਾਈ ਦੇਂਦਾ ਹੈ।

ਜਾਣਕਾਰ ਸੂਤਰਾਂ ਮੁਤਾਬਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬੀਤੇ ਨਵੰਬਰ ਵਿੱਚ ਜਦੋਂ ਕੇਂਦਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲੇ ਤਾਂ ਉਨ੍ਹਾਂ ਨੇ ਸਰਹੱਦ ਪਾਰੋਂਹੋਣ ਵਾਲੇ ਡਰੋਨ ਹਮਲੇ ਬਾਰੇ ਵਿਸਥਾਰਤ ਰਿਪੋਰਟ ਸੌਂਪੀ ਸੀ। ਮੁੱਖ ਮੰਤਰੀ ਦਫ਼ਤਰ ਅਨੁਸਾਰ ਬੀਤੇ ਦੋ ਸਾਲਾਂ ਵਿੱਚ ਸਰਹੱਦੀ ਖੇਤਰਾਂ ਵਿੱਚ ਬੀ ਐਸ ਐਫ ਨੇ ਕੁਝ ਡਰੋਨ ਡੇਗੇਵੀ ਹਨ। ਜਦੋਂ ਇਹ ਮਾਮਲਾ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਕੋਲ ਉਠਾਇਆ ਸੀ ਤਾਂ ਪੰਜਾਬ ਦੇ ਇੰਟੈਲੀਜੈਂਸ ਵਿੰਗ, ਪੰਜਾਬ ਪੁਲਸ ਅਤੇ ਬੀ ਐਸ ਐਫ ਦੇ ਉਚ ਅਧਿਕਾਰੀਆਂ ਵਿਚਾਲੇ ਉਚ ਪੱਧਰੀ ਬੈਠਕ ਵੀ ਹੋਈ ਸੀ।ਕੈਪਟਨ ਅਮਰਿ-ਦਰ ਸਿੰਘ ਨੇ 21 ਨਵੰਬਰ 2020 ਨੂੰ ਇੱਕ ਪੱਤਰ ਕੇਂਦਰ ਸਰਕਾਰ ਨੂੰ ਭੇਜ ਕੇ ਅੰਮ੍ਰਿਤਸਰ ਸੈਕਟਰ ਵਿੱਚ ਅਗਸਤ 2019 ਵਿੱਚ ਪਾਕਿਸਤਾਨ ਵੱਲੋਂ ਡਰੋਨ ਨਾਲ ਸੁੱਟੇ ਹਥਿਆਰਾਂ ਬਾਰੇ ਦੱਸਿਆ ਸੀ, ਜਿਨ੍ਹਾਂ ਵਿੱਚ ਚੀਨ ਦੀਆਂ ਬਣੀਆਂ ਰਾਈਫਲਾਂ ਅਤੇ ਪਿਸਤੌਲ ਸ਼ਾਮਲ ਸਨ।ਮੁੱਖ ਮੰਤਰੀ ਨੇ ਪੱਤਰ ਵਿੱਚ ਇਸ ਗੱਲ ਬਾਰੇ ਚਿੰਤਾ ਪ੍ਰਗਟਾਈ ਸੀ ਕਿ ਲੰਬੀ ਦੂਰੀ ਦੀ ਮਾਰ ਵਾਲੇ ਹਥਿਆਰਾਂ ਨੂੰ ਭਾਰਤੀ ਖੇਤਰ ਵਿੱਚ ਭੇਜਣਾ ਪਾਕਿ-ਸਤਾਨ ਅਤੇ ਉਸਦੀਆਂ ਏਜੰਸੀਆਂ ਦੀ ਵੱਡੀ ਸਾਜ਼ਿਸ਼ ਹੋ ਸਕਦੀ ਹੈ ਅਤੇ ਵੱਡੇ ਸਾਈਜ਼ ਦੇ ਡਰੋਨ ਪੰਜਾਬ ਵਿੱਚ ਭੇਜਣ ਨਾਲ ਰਾਸ਼ਟਰੀ ਸੁਰੱਖਿਆ ਨੂੰ ਗੰਭੀਰ ਖ਼ਤਰਾ ਹੋ ਸਕਦਾ ਹੈ।

## ਗਲਤ ਬਿਜਲੀ ਸਮਝੌਤੇ ਰੱਦ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਨੇ ਕਾਨੂੰਨੀ ਸਲਾਹ ਲੈਣੀ ਆਰੰਭੀ

ਜਲੰਧਰ, 1 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਬਿਜਲੀ ਕੰਪਨੀਆਂ ਨਾਲ ਹੋਏ ਗਲਤ ਸਮਝੌਤੇ ਰੱਦ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਨੂੰਨੀ ਸਲਾਹ ਲੈਣੀ ਸ਼ੁਰੂ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਦੇ ਨਜ਼ਦੀਕੀ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਬਿਜਲੀ ਸਮਝੌਤਿਆਂ ਕਾਰਨ ਪੰਜਾਬ ਸਰਕਾਰ ਅਤੇ ਪੰਜਾਬ ਪਾਵਰ ਕਾਰਪੋਰੇਸ਼ਨ ਉੱਤੇਮੋਟਾ ਮਾਇਕ ਬੋਝ ਪੈ ਰਿਹਾ ਹੈ। ਜੇ ਇਹ ਸਮਝੌਤੇ ਰੱਦ ਕੀਤੇ ਜਾਣ ਤਾਂਪੰਜਾਬ ਪਾਵਰ ਕਾਰਪੋਰੇਸ਼ਨ ਨੂੰ ਭਾਰੀ ਰਾਹਤ ਮਿਲ ਸਕਦੀ ਹੈ। ਬਿਜਲੀ ਸਮਝੌਤੇ ਰੱਦ ਕਰਨ ਦਾ ਮੁੱਦਾ ਕਾਗਰਸ ਹਾਈ ਕਮਾਂਡ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕੰਮ ਕਰਨ ਲਈ ਦਿੱਤੇ 18 ਨੁਕਤਿਆਂ ਵਿੱਚ ਸ਼ਾਮਲ ਹੈ, ਜਿਨ੍ਹਾਂ ਨੂੰ ਮੁੱਖ ਮੰਤਰੀ ਨੇ ਅਗਲੇ ਦਿਨਾਂ ਵਿੱਚ ਪੂਰਾ ਕਰਨ ਦਾ ਭਰੋਸਾ ਦਿੱਤਾ ਹੈ। ਇਹਸਮਝੌਤੇ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਕੀਤੇ ਗਏ ਸਨ ਅਤੇ ਇਨ੍ਹਾਂ ਵਿੱਚ ਭਾਰਤ ਦੀਆਂ ਨਾਮੀ ਬਿਜਲੀ ਕੰਪਨੀਆਂ ਸ਼ਾਮਲ ਹਨ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਕਾਨੂੰਨੀ ਸਲਾਹ ਲੈਣ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਬਾਰੇ ਕੋਈ ਕਦਮ ਉਠਾਣਗੇ। ਇਹਸਮਝੌਤੇ ਰੱਦ ਕਰਨ ਲਈ ਪੰਜਾਬ ਵਿਧਾਨਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣਾ ਪਵੇਗਾ ਅਤੇ ਉਸ ਵਿੱਚ ਮਤਾ ਪਾਸ ਕਰ ਕੇ ਪੁਰਾਣੇ ਬਿਜਲੀ ਸਮਝੌਤੇ ਰੱਦ ਕਰਨੇ ਪੈਣਗੇ।ਇਸ ਦਾ ਫੈਸਲਾ ਅਗਲੇ ਕੁਝ ਦਿਨਾਂ ਵਿੱਚ ਹੋ ਜਾਵੇਗਾ। ਜੇ ਸਰਕਾਰ ਅਜਿਹਾ ਕਦਮ ਚੁੱਕ ਲੈਂਦੀ ਹੈ ਤਾਂ ਉਸ ਦਾ ਜਨਤਾ ਉੱਤੇਚੰਗਾ ਅਸਰ ਪੈ ਸਕਦਾ ਹੈ। ਰੇਤ ਅਤੇ ਟ੍ਰਾਂਸਪੋਰਟ ਮਾਫੀਆ ਉੱਤੇਲਗਾਮ ਕੱਸਣ ਦੇ ਮੁੱਦੇ ਵੀ ਮੁੱਖ ਮੰਤਰੀ ਦੇ ਸਾਹਮਣੇ ਖੜੇ ਹਨ। ਉਨ੍ਹਾਂ ਨੇ ਹਾਈ ਕਮਾਂਡ ਨੂੰ ਇਹ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀ ਸਰਕਾਰ ਨੇ 18 ਨੁਕਤਿਆਂ ਉੱਤੇ ਕੰਮ ਸ਼ੁਰੂ ਕੀਤਾ ਹੋਇਆ ਹੈ।

## ਬਲੈਕ ਫੰਗਸ ’ਚ ਲੋੜੀਂਦੇ ਟੀਕੇ ਦੀ ਸਪਲਾਈ ਦੇ ਬਹਾਨੇ 23.76 ਲੱਖ ਦੀ ਠੱਗੀ




ਚੰਡੀਗੜ੍ਹ, 1 ਜੁਲਾਈ (ਪੋਸਟ ਬਿਊਰੋ)- ਚੰਡੀਗੜ੍ਹ ਨਾਲ ਲੱਗਦੇ ਕਸਬੇ ਮਨੀਮਾਜਰਾ ਦੇ ਸ਼ਾਂਤੀ ਨਗਰ ਦੀ ਫਾਰਮਾ ਕੰਪਨੀ ਨਾਲ ਬਲੈਕ ਫੰਗਸ ਵਿੱਚ ਵਰਤਣ ਵਾਲੇ ਸੀ ਸੀ ਲਿਪੋਸੋਮਲ ਐਮਫੋਟੇਰਿਸਿਨ ਬੀ ਟੀਕਟ ਸਪਲਾਈ ਕਰਨ ਬਹਾਨੇ ਇੱਕ ਵਿਅਕਤੀ ਨੇ 23 ਲੱਖ 76 ਹਜ਼ਾਰ ਦੀ ਠੱਗੀ ਕਰ ਲਈ ਹੈ। ਉਸ ਨੇ ਫਾਰਮਾ ਕੰਪਨੀ ਨੂੰ ਨਾ ਇੰਜੈਕਸ਼ਨ ਸਪਲਾਈ ਕੀਤੇ ਅਤੇ ਨਾ ਰੁਪਏ ਵਾਪਸ ਕੀਤੇ। ਕੰਪਨੀ ਮਾਲਕਣ ਗੀਤਾ ਨੇ ਪੁਲਸ ਨੂੰਸ਼ਿਕਾਇਤ ਦਿੱਤੀ ਹੈ।

ਮਨੀਮਾਜਰਾ ਪੁਲਸ ਨੇ ਗੀਤਾ ਦੀ ਸ਼ਿਕਾਇਤ ਉੱਤੇ ਧੋਖਾਧੜੀ ਤੇ ਸਾਜ਼ਿਸ਼ ਰੱਚਣ ਦਾ ਕੇਸ ਦਰਜ ਕਰ ਲਿਆ ਅਤੇ ਪੁਲਸ ਮੋਬਾਈਲ ਨੰਬਰ ਦੀ ਮੱਦਦ ਨਾਲ ਠੱਗ ਦੀ ਤਲਾਸ਼ ਕਰ ਰਹੀ ਹੈ।ਗੀਤਾ ਨੇ ਪੁਲਸ ਨੂੰ ਦੱਸਿਆ ਕਿ ਮਨੀਮਾਜਰਾ ਦੇ ਸ਼ਾਂਤੀਨਗਰ ਵਿੱਚ ਉਸ ਦੀ ਫਾਰਮਾ ਕੰਪਨੀ ਹੈ। ਦਵਾ ਖ਼ਰੀਦਣ ਤੇ ਵੇਚਣ ਲਈ ਉਨ੍ਹਾਂ ਨੇ ਵ੍ਹਅਟਸਐਪ ਉੱਤੇ ਗਰੁੱਪ ਬਣਾ ਰੱਖਿਆ ਹੈ। 24 ਮਈ ਨੂੰ ਉਸ ਦੇ ਫ਼ੋਨ ਉੱਤੇ ਇੱਕ ਵਿਅਕਤੀ ਨੇ ਫ਼ੋਨ ਕਰ ਕੇ ਖੁਦ ਨੂੰ ਫਾਰਮਾ ਕੰਪਨੀ ਦਾ ਕਰਮਚਾਰੀ ਦੱਸਿਆ ਅਤੇ ਸਸਤੇ ਰੇਟ ਉੱਤੇ ਸੀ ਸੀ ਲਿਪੋਸੋਮਲ ਐਮਫੋਟੇਰਿਸਿਨ ਬੀ ਇੰਜੈਕਸ਼ਨ ਆਫਰ ਕੀਤਾ। ਸੀ ਸੀ ਲਿਪੋਸੋਮਲ ਐਮਫੋਟੇਰਿਸਿਨ ਬੀ ਦੇ ਇੱਕ ਇੰਜੈਕਸ਼ਨ ਦੀ ਕੀਮਤ 4800 ਰੁਪਏ ਦੱਸੀ। ਉਨ੍ਹਾਂ ਨੇ ਵਿਅਕਤੀ ਨੂੰ 23 ਲੱਖ 76 ਹਜ਼ਾਰ ਦੇ ਇੰਜੈਕਸ਼ਨ ਖ਼ਰੀਦਣ ਦਾ ਆਰਡਰ ਦਿੱਤਾ ਅਤੇ ਉਸ ਦੇ ਦੱਸੇ ਗਏ ਅਲੱਗ-ਅਲੱਗ ਬੈਂਕ ਅਕਾਊਂਟਾਂ ਵਿੱਚ ਰਕਮ ਜਮ੍ਹਾ ਕਰਵਾ ਦਿੱਤੀ। ਬਾਅਦ ਵਿੱਚ ਉਸ ਨੇ ਨਾ ਇੰਜੈਕਸ਼ਨ ਸਪਲਾਈ ਕੀਤੇ ਅਤੇ ਨਾ ਰਕਮ ਵਾਪਸ ਕੀਤੀ।






# ਨਿਆਂ ਪਾਲਿਕਾ ਨੂੰ ਕੰਟਰੋਲ ਨਹੀਂ ਕੀਤਾ ਜਾ ਸਕਦਾ: ਚੀਫ ਜਸਟਿਸ

ਨਵੀਂ ਦਿੱਲੀ, 1 ਜੁਲਾਈ (ਪੋਸਟ ਬਿਊਰੋ)- ਭਾਰਤ ਦੇ ਚੀਫ ਜਸਟਿਸ ਐਨ ਵੀ ਰਾਮੰਨਾ ਨੇ ਕੱਲ੍ਹ ਸਾਫ ਕਿਹਾ ਕਿ ਨਿਆਂ ਪਾਲਿਕਾ ਨੂੰ 'ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ। ਇਸ ਨੂੰ ਲੈਜਿਸਲੇਚਰ ਜਾਂ ਕਾਰਜਪਾਲਿਕਾ ਦੇ ਜ਼ਰੀਏ ਸਿੱਧੇ ਜਾਂ ਅਸਿੱਧੇ ਰੂਪ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਦਾ। ਜੇ ਏਦਾਂ ਕੀਤਾ ਤਾਂ 'ਕਾਨੂੰਨ ਦਾ ਸ਼ਾਸਨ' ਛਲਾਵਾ ਬਣ ਕੇ ਰਹਿ ਜਾਏਗਾ। ਉਨ੍ਹਾਂ ਨੇ ਜੱਜਾਂ ਨੂੰ ਇੰਟਰਨੈਟ ਮੀਡੀਆ ਦੇ ਪ੍ਰਭਾਵ ਤੋਂ ਵੀ ਸਾਵਧਾਨ ਕੀਤਾ ਹੈ।

ਜਸਟਿਸ ਰਾਮੰਨਾ ਨੇ ਕਿਹਾ ਕਿ ਨਵੇਂ ਮੀਡੀਆ ਟੂਲ ਜਿਨ੍ਹਾਂ ਵਿੱਚ ਕਿਸੇ ਚੀਜ਼ ਨੂੰ ਵਧਾ-ਚੜ੍ਹਾ ਕੇ ਦੱਸ ਸਕਦੇ ਹਨ, ਉਹ ਸਹੀ ਅਤੇ ਗਲਤ, ਚੰਗੇ-ਬੁਰੇ ਤੇ ਅਸਲੀ ਜਾਂ ਨਕਲੀ ਦਾ ਫਰਕ ਕਰਨ ਵਿੱਚ ਅਸਮਰਥ ਹਨ। ਇਸ ਲਈ ਮੀਡੀਆ ਟਰਾਇਲ ਮਾਮਲਿਆਂ ਨੂੰ ਤੈਅ ਕਰਨ ਵਿੱਚ ਮਾਰਗਦਰਸ਼ਕ ਕਾਰਕ ਨਹੀਂ ਹੋ ਸਕਦਾ।ਚੀਫ ਜਸਟਿਸ ਨੇ 17ਵੇਂ ਜਸਟਿਸ ਪੀ ਡੀ ਦੇਸਾਈ ਯਾਦਗਾਰੀ ਭਾਸ਼ਣ ਨੂੰ ਵਰਚੁਅਲ ਤਰੀਕੇ ਨਾਲ ਸੰਬੋਧਨ ਕਰਦੇ ਹੋਏ ਕਿਹਾ ਕਿ ਜੇ ਨਿਆਂ ਪਾਲਿਕਾ ਨੇ ਸਰਕਾਰ ਦੇ ਕੰਮਾਂ ਉੱਤੇ ਨਜ਼ਰ ਰੱਖਣੀ ਹੈ ਤਾਂ ਉਸ ਨੂੰ ਆਪਣਾ ਕੰਮ ਕਰਨ ਦੀ ਪੂਰੀ ਆਜ਼ਾਦੀ ਦੀ ਜ਼ਰੂਰਤ ਹੋਵੇਗੀ।

# ਨਕਸ਼ਾ ਤੋੜ-ਮਰੋੜ ਕੇ ਪੇਸ਼ ਕਰਨ ਬਦਲੇ ਟਵਿੱਟਰ ਅਧਿਕਾਰੀਆਂ ਉੱਤੇ ਕੇਸ ਦਰਜ

ਨੋਇਡਾ, 1 ਜੁਲਾਈ (ਪੋਸਟ ਬਿਊਰੋ)- ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ ਉੱਤੇ ਭਾਰਤ ਦਾ ਨਕਸ਼ਾ ਵਿਗਾੜ ਕੇ ਪੇਸ਼ ਕਰਨ ਬਦਲੇਉਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਜ਼ਿਲ੍ਹੇ ਦੀ ਪੁਲਸ ਨੇ ਮਾਈਕਰੋਬਲਾਗਿੰਗ ਸਾਈਟ ਟਵਿੱਟਰ ਇੰਡੀਆ ਦੇ ਦੋ ਸੀਨੀਅਰ ਅਧਿਕਾਰੀਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ।




ਹਿੰਦੂਵਾਦੀ ਸੰਗਠਨ ਬਜਰੰਗ ਦਲ ਦੇ ਇੱਕ ਅਹੁਦੇਦਾਰ ਵੱਲੋਂ ਦਾਇਰ ਸ਼ਿਕਾਇਤ ਉੱਤੇ ਖੁਰਜਾ ਨਗਰ ਥਾਣੇ ਵਿੱਚ ਸੋਮਵਾਰ ਸ਼ਾਮ ਨੂੰ ਇਹ ਕੇਸ ਦਰਜ ਕੀਤਾ ਗਿਆ। ਟਵਿੱਟਰ ਨੇ ਆਪਣੀ ਵੈਬਸਾਈਟ ਉੱਤੇ ਪਾਏ ਭਾਰਤ ਦੇ ਨਕਸ਼ੇ ਵਿੱਚ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਲੱਦਾਖ ਅਤੇ ਜੰਮੂ ਅਤੇ ਕਸ਼ਮੀਰ ਨੂੰ ਵੱਖਰੇ ਦੇਸ਼ ਵਿਖਾਇਆ ਸੀ। ਸੋਸ਼ਲ ਮੀਡੀਆ ਉੱਤੇ ਪਏ ਰੌਲੇ-ਰੱਪੇ ਤੇ ਤਿੱਖੀਆਂ ਪ੍ਰਤੀਕਿਰਿਆਵਾਂ ਪਿੱਛੋਂ ਟਵਿੱਟਰ ਨੇ ਸੋਮਵਾਰ ਸ਼ਾਮ ਨੂੰ ਇਹ ਨਕਸ਼ਾ ਹਟਾ ਦਿੱਤਾ ਸੀ। ਬਜਰੰਗ ਦਲ ਪੱਛਮੀ ਯੂ ਪੀ ਦੇ ਕਨਵੀਨਰ ਪ੍ਰਵੀਨ ਭੱਟੀ ਨੇ ਸ਼ਿਕਾਇਤ ਵਿੱਚ ਕਿਹਾ, ''ਵਿਸ਼ਵ ਦੇ ਨਕਸ਼ੇ ਵਿੱਚ ਲੱਦਾਖ ਅਤੇ ਜੰਮੂ ਤੇ ਕਸ਼ਮੀਰ ਨੂੰ ਭਾਰਤ ਦੇ ਹਿੱਸੇ ਵਜੋਂ ਨਹੀਂ ਵਿਖਾਇਆ ਗਿਆ। ਇਹ ਕੋਈ ਸੰਯੋਗ ਨਹੀਂ। ਇਸ ਕਾਰਵਾਈ ਨਾਲ ਮੇਰੇ ਸਮੇਤ ਸਾਰੇ ਭਾਰਤੀਆਂ ਦੀਆਂ ਭਾਵਨਾਵਾਂ ਨੂੰ ਸੱਟ ਲੱਗੀ ਹੈ।''

ਸ਼ਿਕਾਇਤ ਵਿੱਚ ਟਵਿੱਟਰ ਇੰਡੀਆ ਦੇ ਐਮ ਡੀ ਮਨੀਸ਼ ਮਹੇਸ਼ਵਰੀ ਅਤੇ ਨਿਊ ਪਾਰਟਨਰਸ਼ਿਪਸ ਹੈਡ ਅੰਮ੍ਰਿਤਾ ਤ੍ਰਿਪਾਠੀ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਤੇ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 74 ਹੇਠ ਦੋਸ਼ ਲਾਏ ਗਏ ਹਨ। ਭਾਰਤ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਨੱਥ ਪਾਉਣ ਲਈ ਪਿਛਲੇ ਮਹੀਨੇ ਲਾਗੂ ਹੋਏ ਨਵੇਂ ਆਈ ਟੀ ਨਿਯਮਾਂ ਕਰ ਕੇ ਕੇਂਦਰ ਸਰਕਾਰ ਤੇ ਟਵਿੱਟਰ ਵਿਚਾਲੇ ਤਲਖੀ ਸਿਖਰ ਉੱਤੇ ਸੀ। ਟਵਿੱਟਰ ਇਸ ਤੋਂ ਪਹਿਲਾਂ ਲੇਹ ਨੂੰ ਭਾਰਤ ਦਾ ਹਿੱਸਾ ਦੱਸ ਚੁੱਕਾ ਹੈ। ਇਸ ਦੌਰਾਨ ਮੱਧ ਪ੍ਰਦੇਸ਼ ਦੇ ਸਾਈਬਰ ਅਪਰਾਧ ਸੈਲ ਨੇ ਭਾਰਤ ਦਾ ਨਕਸ਼ਾਵਿਗਾੜ ਕੇ ਪੇਸ਼ ਕਰਨ ਦੇ ਦੋਸ਼ ਵਿੱਚ ਸੂਬੇ ਦੇ ਗ੍ਰਹਿ ਮੰਤਰੀ ਦੀ ਹਦਾਇਤ ਉੱਤੇ ਟਵਿੱਟਰ ਇੰਡੀਆ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਇਸ ਦੌਰਾਨ ਉੱਤਰ ਪ੍ਰਦੇਸ਼ ਸਰਕਾਰ ਨੇ ਟਵਿੱਟਰ ਇੰਡੀਆ ਦੇ ਐਮ ਡੀ ਮਨੀਸ਼ ਮਹੇਸ਼ਵਰੀ ਨੂੰ ਗਾਜ਼ੀਆਬਾਦ ਦੇ ਇੱਕ ਬਜ਼ੁਰਗ ਉੱਤੇ ਹਮਲੇ ਦੀ ਵਾਇਰਲ ਹੋਈ ਵੀਡੀਓ ਦੇ ਕੇਸ ਵਿੱਚ ਗ੍ਰਿਫਤਾਰੀ ਸਮੇਤ ਕਿਸੇ ਵੀ ਹੋਰ ਕਾਰਵਾਈ ਤੋਂ ਸੁਰੱਖਿਆ ਦੇ ਕਰਨਾਟਕ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਗਾਜ਼ੀਆਬਾਦ ਪੁਲਸ ਨੇ ਮਹੇਸ਼ਵਰੀ ਨੂੰ ਉਸ ਮਾਮਲੇ ਵਿੱਚ ਪੁੱਛਗਿੱਛ ਲਈ ਲੋਨੀ ਪੁਲਸ ਸਟੇਸ਼ਨ ਸੱਦਿਆ ਸੀ, ਜਿਸ ਮਗਰੋਂ ਟਵਿੱਟਰ ਇੰਡੀਆ ਦੇ ਐਮ ਡੀ ਨੇ ਕਰਨਾਟਕ ਹਾਈ ਕੋਰਟ ਦਾ ਰੁਖ਼ ਕਰਦਿਆਂ ਕੱਚੀ ਜ਼ਮਾਨਤ ਹਾਸਲ ਕਰ ਲਈ ਸੀ।

ਦੂਸਰੇ ਪਾਸੇ ਫੇਸਬੁਕ ਅਤੇ ਗੂਗਲ ਇੰਡੀਆ ਦੇ ਅਧਿਕਾਰੀਆਂ ਨੇ ਸੋਸ਼ਲ ਮੀਡੀਆ ਮੰਚਾਂ ਦੀ ਦੁਰਵਰਤੋਂ ਦੇ ਮੁੱਦੇ ਉੱਤੇ ਕੱਲ੍ਹ ਸੂਚਨਾ ਤਕਨੀਕ ਸਬੰਧੀ ਪਾਰਲੀਮੈਂਟ ਦੀ ਸਥਾਈ ਕਮੇਟੀ ਅੱਗੇ ਆਪਣਾ ਪੱਖ ਰੱਖਿਆ। ਇਨ੍ਹਾਂ ਅਧਿਕਾਰੀਆਂ ਨੂੰ ਕਾਂਗਰਸ ਦੇ ਸੀਨੀਅਰ ਆਗੂ ਸ਼ਸ਼ੀ ਥਰੂਰ ਦੀ ਪ੍ਰਧਾਨਗੀ ਵਾਲੀ ਇਸ ਕਮੇਟੀ ਨੇ ਸੰਮਨ ਜਾਰੀ ਕੀਤਾ ਸੀ। ਫੇਸਬੁਕ ਦੇ ਭਾਰਤ ਵਿੱਚ ਪਬਲਿਕ ਪਾਲਸੀ ਡਾਇਰੈਕਟਰ ਸ਼ਿਵਨਾਥ ਠੁਕਰਾਲ ਤੇ ਜਨਰਲ ਕੌਂਸਲ ਨਮਰਤਾ ਸਿੰਘ ਨੇ ਕਮੇਟੀ ਸਾਹਮਣੇ ਆਪਣੀ ਗੱਲ ਰੱਖੀ। ਪਾਰਲੀਮੈਂਟਰੀ ਕਮੇਟੀ ਦੀ ਮੀਟਿੰਗ ਦਾ ਏਜੰਡਾ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਤੇ ਸੋਸ਼ਲ ਮੀਡੀਆ/ਆਨਲਾਈਨ ਖਬਰ ਮੀਡੀਆ ਮੰਚਾਂ ਦੀ ਦੁਰਵਰਤੋਂ ਰੋਕਣਾ ਸੀ। ਇਸ ਤੋਂ ਪਹਿਲਾਂ ਫੇਸਬੁਕ ਦੇ ਪ੍ਰਤੀਨਿਧੀਆਂ ਨੇ ਪਾਰਲੀਮੈਂਟਰੀਕਮੇਟੀ ਨੂੰ ਸੂਚਿਤ ਕੀਤਾ ਸੀ ਕਿ ਕੋਵਿਡ ਪ੍ਰੋਟੋਕੋਲ ਕਾਰਨ ਉਨ੍ਹਾਂ ਦੀ ਕੰਪਨੀ ਨੀਤੀ ਉਨ੍ਹਾਂ ਦੇ ਅਧਿਕਾਰੀਆਂ ਨੂੰ ਸਰੀਰਕ ਤੌਰ ਉੱਤੇ ਮੌਜੂਦਗੀ ਵਾਲੀਆਂ ਮੀਟਿੰਗਾਂ ਵਿਚ ਜਾਣ ਦੀ ਇਜਾਜ਼ਤ ਨਹੀਂ ਦਿੰਦੀ। ਕਮੇਟੀ ਦੇ ਪ੍ਰਧਾਨ ਥਰੂਰ ਨੇ ਫੇਸਬੁਕ ਨੂੰ ਕਿਹਾ ਕਿ ਉਸ ਦੇ ਅਧਿਕਾਰੀਆਂ ਨੂੰ ਮੀਟਿੰਗ ਵਿੱਚ ਪਹੁੰਚਣਾ ਪਵੇਗਾ, ਕਿਉਂਕਿ ਪਾਰਲੀਮੈਂਟਰੀਸਕੱਤਰੇਤ ਡਿਜੀਟਲ ਮੀਟਿੰਗਾਂ ਦੀ ਇਜਾਜ਼ਤ ਨਹੀਂ ਦਿੰਦਾ। ਸੂਚਨਾ ਤਕਨੀਕ ਸਬੰਧੀ ਇਹ ਪਾਰਲੀਮੈਂਟਰੀਕਮੇਟੀ ਅਗਲੇ ਹਫਤਿਆਂ ਵਿੱਚ ਯੂ-ਟਿਊਬ ਤੇ ਹੋਰ ਸੋਸ਼ਲ ਮੀਡੀਆ ਇਕਾਈਆਂ ਦੇ ਪ੍ਰਤੀਨਿਧੀਆਂ ਨੂੰ ਸੰਮਨ ਜਾਰੀ ਕਰੇਗੀ।

HealthMedia

CANADA

News Write-up sharing

Print, Electronic & Social media

GLOBAL NATURAL REMEDIES

WISH YOU




Anil Dheer

Columnist Alternative Therapist

Certified in IPC W.H.O, PHR UNICEF

Covid-19 Vaccine-specific resources W.H.O

Health Educator Awardee

# ਭਾਰਤ ਬਾਇਓਟੈਕ ਦਾ ਬਰਾਜ਼ੀਲ ਨਾਲ ਵੈਕਸੀਨ ਸੌਦਾ ਵਿਵਾਦਾਂ ਵਿੱਚ ਆ ਗਿਆ

## * ਬਰਾਜ਼ੀਲ ਸਰਕਾਰ ਨੇ ਆਰਜ਼ੀ ਰੋਕ ਲਾਈ

ਹੈਦਰਾਬਾਦ, 1 ਜੁਲਾਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਟੀਕੇ 'ਕੋਵੈਕਸੀਨ' ਲਈ ਭਾਰਤ ਬਾਇਓਟੈਕ ਨਾਲ ਹੋਏ ਸਮਝੌਤੇ ਉਤੇ ਬਰਾਜ਼ੀਲ ਸਰਕਾਰ ਨੇ ਆਰਜ਼ੀ ਰੋਕ ਲਾ ਦਿੱਤੀ ਹੈ।

ਵਰਨਣ ਯੋਗ ਹੈ ਕਿ ਬਰਾਜ਼ੀਲ ਨੇ ਭਾਰਤੀ ਕੰਪਨੀ ਬਾਇਓਟੈਕ ਨੂੰ ਦੋ ਕਰੋੜ ਕੋਵਿਡ ਵੈਕਸੀਨ ਦੇ ਲਈ ਆਰਡਰ ਦਿੱਤਾ ਸੀ। ਇਸ ਸੌਦੇ ਵਿੱਚ ਬੇਨਿਯਮੀਆਂ ਦੇ ਦੋਸ਼ ਲੱਗੇ ਹਨ। ਭਾਰਤੀ ਕੰਪਨੀ ਨੇ ਕਿਹਾ ਕਿ ਇਸ ਸੌਦੇ ਦੀ ਕੋਈ ਅਗਾਊਂ ਅਦਾਇਗੀ ਨਹੀਂ ਕੀਤੀ ਗਈ। ਹੈਦਰਾਬਾਦ ਦੀ ਇਸ ਕੰਪਨੀ ਨੇ ਕਿਹਾ ਕਿ ਉਨ੍ਹਾਂ ਨੇ ਬਰਾਜ਼ੀਲ ਵਿੱਚ ਸਮਝੌਤਾ ਕਰਨ ਦੇ ਲਈ ਰੈਗੂਲੇਟਰੀ ਮਨਜ਼ੂਰੀ ਅਤੇ ਸਪਲਾਈ ਲਈ ਉਹੀ ਪਹੁੰਚ ਅਪਣਾਈ ਸੀ, ਜੋ ਹੋਰਨਾਂ ਮੁਲਕਾਂ ਨੂੰ ਵੈਕਸੀਨ ਭੇਜਣ ਵੇਲੇ ਅਪਣਾਈ ਗਈ ਸੀ।ਬਰਾਜ਼ੀਲ ਸਰਕਾਰ ਦੇ ਫੈਸਲੇ ਬਾਰੇ ਉਥੋਂ ਦੇ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਕੰਪ-ਟਰੋਲਰ ਜਨਰਲ ਆਫ ਯੂਨੀਅਨ




ਦੀਆਂ ਸਿਫਾਰਸ਼ਾਂ ਉੱਤੇ ਕੋਵੈਕਸੀਨ ਦੀ ਖਰੀਦ ਸਬੰਧੀ ਸੌਦੇ ਉੱਤੇ ਆਰਜ਼ੀ ਰੋਕ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸੌਦੇ ਉਤੇ ਰੋਕ ਲੱਗਣ ਨਾਲ ਵੈਕਸੀਨੇਸ਼ਨ ਦੀ ਰਫਤਾਰ ਉਤੇ ਕੋਈ ਅਸਰ ਨਹੀਂ ਪਵੇਗਾ। ਕੰਟਰੈਕਟ ਦੀ ਸਿਹਤ ਮੰਤਰਾਲੇ ਦਾ ਡਾਇਰੈਕਟੋਰੇਟ ਵੀ ਪੜਤਾਲ ਕਰ ਰਿਹਾ ਹੈ, ਜੋ ਪ੍ਰਸ਼ਾਸਕੀ ਪੱਧਰ ਉਤੇ ਜਾਂਚ ਕਰੇਗਾ। ਬਰਾਜ਼ੀਲ ਨੇ ਕਿਹਾ ਹੈ ਕਿ ਇਸ ਸਮਝੌਤੇ ਦੀਆਂ ਸ਼ਰਤਾਂ ਨੂੰ ਘੋਖਿਆ ਜਾਵੇਗਾ। ਭਾਰਤ ਬਾਇਓਟੈਕ ਨੇ ਕਿਹਾ ਹੈ ਕਿ ਕੰਪਨੀ ਨੂੰ ਨਾ ਕੋਈ ਅਦਾਇਗੀ ਹੋਈ ਸੀ ਤੇ ਨਾ ਕੋਈ ਵੈਕਸੀਨ ਹਾਲੇ ਤਕ ਭੇਜੀ ਗਈ ਹੈ। ਬਰਾਜ਼ੀਲ ਦੇ ਅਟਾਰਨੀ ਜਨਰਲ ਵੱਲੋਂ ਇਸ ਸੌਦੇ ਬਾਰੇ ਜਾਂਚ ਸ਼ੁਰੂ ਕਰਨ ਤੋਂ ਬਾਅਦ ਇਹ ਵਿਵਾਦਾਂ ਵਿੱਚ ਘਿਰ ਗਿਆ ਹੈ।

## ਕਾਂਗਰਸ ਦੀ ਮੋਦੀ ਸਰਕਾਰ ਤੋਂ ਦਿਲਚਸਪ ਮੰਗ:

# ਡੁੱਬੀ ਹੋਈ ਕੰਪਨੀ 'ਰੂਚੀ ਸੋਇਆ' ਖਰੀਦ ਕੇ ਬੁਲੰਦੀ ਉੱਤੇ ਪੁਚਾਉਣ ਵਾਲੇ ਰਾਮਦੇਵ ਨੂੰ ਵਿੱਤ ਮੰਤਰੀ ਬਣਾ ਦਿਓ

ਨਵੀਂ ਦਿੱਲੀ, 1 ਜੁਲਾਈ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਵਿਅੰਗ ਵਜੋਂ ਕਿਹਾ ਹੈ ਕਿ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਭਾਰਤ ਦੇ ਵਿੱਤੀ ਹਾਲਾਤ ਸੁਧਾਰਨ ਵਿੱਚ ਸਫਲ ਨਹੀਂ ਹੋ ਰਹੀ, ਇਸ ਲਈ ਇੱਕ ਦਿਵਾਲੀਆ ਕੰਪਨੀ ਖਰੀਦ ਕੇ ਉਸ ਨੂੰ ਬੁਲੰਦੀ ਉੱਤੇ ਪੁਚਾਉਣ ਵਾਲੇ ਬਾਬਾ ਰਾਮਦੇਵ ਨੂੰ ਦੇਸ਼ ਦਾ ਵਿੱਤ ਮੰਤਰੀ ਬਣਾ ਦੇਣਾ ਚਾਹੀਦਾ ਹੈ।

ਇਸ ਸੰਬੰਧ ਵਿੱਚ ਕਾਂਗਰਸ ਦੇ ਬੁਲਾਰੇ ਪਵਨ ਖੇੜਾ ਨੇ ਵਿਅੰਗ ਕਰਦਿਆਂ ਕਿਹਾ ਕਿ ਬਾਬਾ ਰਾਮਦੇਵ ਦਾ ਬਿਜਨਸ ਮਾਡਲ ਅਸਾਧਾਰਨ ਹੈ। ਉਨ੍ਹਾਂ ਨੇ ਪੰਜ ਮਹੀਨੇ ਵਿੱਚ 'ਰੂਚੀ ਸੋਇਆ' ਦਾ 17 ਰੁਪਏ ਦਾ ਸ਼ੇਅਰ ਵਧਾ ਕੇ 1535 ਰੁਪਏ ਤਕ ਪੁਚਾ ਦਿੱਤਾ ਹੈ। ਕੰਪਨੀ ਦੀ ਕੀਮਤ 2019 ਵਿੱਚ 3450 ਕਰੋੜ ਰੁਪਏ ਸੀ, ਉਸ ਨੂੰ ਅੱਜ



35,360 ਕਰੋੜ ਰੁਪਏ ਉੱਤੇ ਲਿਆ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰੂਚੀ ਸੋਇਆ ਨੇ 2017 ਵਿੱਚ ਦਿਵਾਲੀਆ ਹੋਣ ਦੀ ਅਰਜ਼ੀ ਲਾਈ ਤਾਂ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ ਨੇ ਉਸੇ ਸਾਲ ਸਤੰਬਰ ਵਿੱਚ ਉਸਦੀ ਅਰਜ਼ੀ ਪ੍ਰਵਾਨ ਕਰ ਲਈ।ਕੰਪਨੀ ਨੇ 12,146 ਕਰੋੜ ਰੁਪਏ ਵੱਖ-ਵੱਖ ਬੈਂਕਾਂ ਤੋਂ ਕਰਜ਼ਾ ਲਿਆ ਸੀ। ਫਿਰ ਜਦੋਂ ਸੈਟਲਮੈਂਟ ਹੋਈ ਤਾਂ ਭਾਰਤੀ ਸਟੇਟ ਬੈਂਕ 1816 ਕਰੋੜ ਰੁਪਏ ਵਿੱਚੋਂ ਸਿਰਫ਼ 883 ਕਰੋੜ ਰੁਪਏ ਹੀ ਵਾਪਸ ਲੈ ਸਕਿਆ।ਬੁਲਾਰੇ ਨੇ ਕਿਹਾ ਕਿ ਉਸਪਿੱਛੋਂ ਪਤੰਜਲੀ ਨੇ ਰੂਚੀ ਸੋਇਆ ਨੂੰ 4350 ਕਰੋੜ ਰੁਪਏ ਵਿੱਚ ਖਰੀਦਿਆ ਅਤੇ ਇਸ ਦੇ ਲਈ ਉਸੇ ਸਟੇਟ ਬੈਂਕ ਤੋਂ 3250 ਕਰੋੜ ਰੁਪਏ ਕਰਜ਼ ਲਿਆ। ਇੱਕ ਵਾਰ ਦਿਵਾਲੀਆ ਹੋ ਚੁੱਕੀ ਕੰਪਨੀ ਦੇ ਸ਼ੇਅਰ ਪਤੰਜਲੀ ਦੇਕੰਟਰੋਲ ਦੇ ਬਾਅਦ ਅੱਜ ਆਸਮਾਨ ਛੂਹ ਰਹੇ ਹਨ ਅਤੇ ਕੰਪਨੀ ਜ਼ਬਰਦਸਤ ਕਮਾਈ ਕਰ ਰਹੀ ਹੈ। ਇਤਫਾਕ ਦੀ ਗੱਲ ਹੈ ਕਿ ਸਟੇਟ ਬੈਂਕ ਨੇ ਡੁੱਬੀ ਹੋਈ ਕੰਪਨੀ ਲਈ ਪਤੰਜਲੀ ਨੂੰ ਕਰਜ਼ਾ ਦਿੱਤਾ ਅਤੇ ਖੁਦ 2100-2200 ਕਰੋੜ ਰੁਪਏ ਦਾ ਨੁਕਸਾਨ ਉਠਾਇਆ। ਉਨ੍ਹਾਂ ਕਿਹਾ ਕਿ ਇਸ ਪੂਰੇ ਕੇਸ ਦੀ ਜਾਂਚ ਹੋਣੀ ਚਾਹੀਦੀ ਹੈ, ਜਾਂ ਫਿਰ ਬਾਬਾ ਰਾਮਦੇਵ ਨੂੰ ਦੇਸ਼ ਦਾ ਖਜ਼ਾਨਾ ਮੰਤਰੀ ਬਣਾ ਦੇਣਾ ਚਾਹੀਦਾ ਹੈ।

# ਧਰਮ ਪਰਿਵਰਤਨ ਦਾ ਦੋਸ਼ੀ ਇਰਫਾਨ ਖਵਾਜ਼ਾ ਅਨੁਵਾਦਕ ਬਣ ਕੇ ਦੋ ਵਾਰ ਮੋਦੀ ਦੇ ਮੰਚ ਉਤੇ ਰਿਹਾ

ਲਖਨਊ, 1 ਜੁਲਾਈ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਧਰਮ ਪਰਿਵਰਤਨ ਦਾ ਮੁੱਦਾ ਇੱਕ ਵਾਰ ਫਿਰ ਗਰਮਾ ਰਿਹਾ ਹੈ। ਬੀਤੇ ਸੋਮਵਾਰ ਨੂੰ ਇਸ ਰਾਜ ਦੀ ਅੱਤਵਾਦ ਵਿਰੋਧੀ ਸਕੁਆਡ(ਏ ਟੀ ਐਸ) ਨੇ ਇਸ ਕੇਸ ਵਿੱਚ ਮਹਾਰਾਸ਼ਟਰ ਦੇ ਬੀੜ ਤੋਂ ਇਰਫਾਨ ਖਵਾਜ਼ਾ ਖਾਨ ਨੂੰ ਗ੍ਰਿਫਤਾਰ ਕੀਤਾ ਹੈ।

ਇਰਫਾਨ ਕੇਂਦਰੀ ਮਹਿਲਾ ਅਤੇ ਬਾਲ ਭਲਾਈ ਮੰਤਰਾਲੇ ਵਿੱਚ ਦੁਭਾਸ਼ੀਆ (ਅਨੁਵਾਦਕ) ਹੈ। ਪਤਾ ਲੱਗਾ ਹੈ ਕਿ ਉਹ ਦੋ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੰਚ ਤਕ ਪਹੁੰਚ ਚੁੱਕਾ ਹੈ। ਪਹਿਲੀ ਵਾਰ 29 ਜੂਨ 2017 ਨੂੰ ਰਾਜਕੋਟ ਵਿੱਚ ਉਹ ਪ੍ਰਧਾਨ ਮੰਤਰੀ ਦੇ ਮੰਚ ਉੱਤੇ ਸੀਅਤੇ 29 ਫਰਵਰੀ 2020 ਨੂੰ ਪ੍ਰਯਾਗਰਾਜ ਵਿੱਚ ਅਜਿਹੇ ਪ੍ਰੋਗਰਾਮ ਵਿੱਚ ਵੀ ਉਹ ਮੰਚ ਉੱਤੇਸੀ। ਉਸ ਦੀ ਗ੍ਰਿਫਤਾਰੀ ਦੇ ਬਾਅਦ ਸਵਾਲ ਉਠ ਰਹੇ ਹਨ ਕਿ ਜੇ ਇਰਫਾਨ ਧਰਮ ਪਰਿਵਰਤਨ ਵਰਗੇ ਕੇਸ ਵਿੱਚ ਸ਼ਾਮਲ ਸੀ ਤਾਂ ਐਸ ਪੀ ਜੀ ਅਤੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਲੱਗੀਆਂ ਏਜੰਸੀਆਂ ਨੂੰ ਇਸ ਦੀ ਭਿਣਕ ਕਿਓਂ ਨਹੀਂ ਲੱਗੀ? ਉੱਤਰ ਪ੍ਰਦੇਸ਼ ਏ ਟੀ ਐਸ ਦੇ ਆਈ ਜੀ, ਜੀ ਕੇ ਗੋਸਵਾਮੀ ਦਾ ਕਹਿਣਾ ਹੈ ਕਿ ਇਰਫਾਨ ਮੰਤਰਾਲੇ ਵਿੱਚ ਜ਼ਿੰਮੇਵਾਰ ਅਹੁਦੇ ਉੱਤੇ ਸੀ, ਹੋ ਸਕਦਾ ਹੈ ਕਿ ਉਹ ਕਿਸੇ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੰਚ ਉੱਤੇ ਰਿਹਾ ਹੋਵੇ, ਸਾਡੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਉਹ ਧਰਮ ਪਰਿਵਰਤਨ ਵਿੱਚ ਸ਼ਾਮਲ ਸੀ, ਉਸ ਦੀ ਭੂਮਿਕਾ ਅਹਿਮ ਹੈ, ਇਸ ਮਾਮਲੇ ਵਿੱਚ ਅਜੇ ਹੋਰ ਜਾਂਚ ਚੱਲ ਰਹੀ ਹੈ।

# ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਵਿੱਚ ਵਾਹਨ ਖੱਡ ਵਿੱਚ ਡਿੱਗਾ, 10 ਮੌਤਾਂ





ਨਾਹਨ, 1 ਜੁਲਾਈ (ਪੋਸਟ ਬਿਊਰੋ)- ਸ਼ਿਲਾਈ ਤਸੀਲ ਵਿੱਚ ਟਿੰਬੀ-ਬਕਰਾਸ ਰੋਡ ਉੱਤੇ ਇੱਕ ਵਾਹਨ ਖੱਡ ਵਿੱਚ ਡਿੱਗਣ ਨਾਲ 10 ਲੋਕਾਂ ਦੀ ਮੌਤ ਹੋ ਗਈ ਅਤੇ ਦੋ ਜ਼ਖ਼ਮੀ ਹੋ ਗਏ।

ਮੁੱਢਲੀ ਜਾਣਕਾਰੀ ਮੁਤਾਬਕ ਇਲਾਕਾ ਵਾਸੀਆਂ ਨੇ ਛੇਤੀ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਸੀ, ਪਰ ਜ਼ਖ਼ਮੀ ਹੋਏ ਲੋਕਾਂ ਵਿੱਚੋਂ ਜ਼ਿਆਦਾਤਰ ਨੇ ਘਟਨਾ ਵਾਲੀ ਥਾਂਹੀ ਦਮ ਤੋੜ ਦਿੱਤਾ। ਪਤਾ ਲੱਗਾ ਹੈ ਕਿ ਚੜੇਊ ਤੋਂ ਬਰਾਤਲੈ ਕੇ ਬਲੈਰੋ ਕੈਂਪਰ ਬਕਰਾਸ ਵੱਲ ਜਾ ਰਹੀ ਸੀ। ਪਸ਼ੋਗ ਨਾਂ ਦੀ ਥਾਂ ਉੱਤੇ ਵਾਹਨ ਚਾਲਕ ਦੇ ਕਾਬੂ ਤੋਂ ਬਾਹਰ ਹੋ ਗਿਆ, ਜਿਸ ਕਾਰਨ ਸਵਾਰੀਆਂ ਸਮੇਤ ਬਲੈਰੋ ਕੈਂਪਰ ਖੱਡ ਵਿੱਚ ਜਾ ਡਿੱਗੀ। ਸੂਚਨਾ ਮਿਲਦੇ ਸਾਰ ਸ਼ਿਲਾਈ ਦੇ ਥਾਣਾ ਇੰਚਾਰਜ ਅਤੇ ਐਸ ਡੀ ਐਮ ਘਟਨਾ ਵਾਲੀ ਥਾਂ ਪਹੁੰਚੇ। ਹਾਲੇ ਲਾਸ਼ਾਂ ਦੀ ਪਛਾਣ ਨਹੀਂ ਹੋ ਸਕੀ।

# ਸੁਪਰੀਮ ਕੋਰਟ ਵੱਲੋਂ ਹੁਕਮ, 31 ਜੁਲਾਈ ਤਕ 'ਇੱਕ ਦੇਸ਼, ਇੱਕ ਰਾਸ਼ਨ ਕਾਰਡ' ਦੀ ਯੋਜਨਾ ਲਾਗੂ ਕਰੋ

ਨਵੀਂ ਦਿੱਲੀ, 1 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ 'ਇੱਕ ਦੇਸ਼, ਇੱਕ ਰਾਸ਼ਨ ਕਾਰਡ' ਸਕੀਮ ਲਾਗੂ ਕਰਨ ਦੇ ਹੁਕਮ ਜਾਰੀ ਕਰ ਕੇ ਕੇਂਦਰ ਨੂੰ ਕੋਵਿਡ ਦੀ ਸਥਿਤੀ ਜਾਰੀ ਰਹਿਣ ਤਕ ਪ੍ਰਵਾਸੀ ਮਜ਼ਦੂਰਾਂ ਨੂੰ ਮੁਫ਼ਤ ਵੰਡਿਆ ਜਾਂਦਾ ਸੁੱਕਾ ਰਾਸ਼ਨ ਦੇਂਦੇ ਰਹਿਣ ਦਾ ਵੀ ਹੁਕਮ ਦਿੱਤਾ ਹੈ।



ਜਸਟਿਸ ਅਸ਼ੋਕ ਭੂਸ਼ਣ ਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਤਿੰਨ ਸਮਾਜ ਸੇਵੀਆਂ ਦੀ ਅਪੀਲ ਉੱਤੇ ਕਈ ਹੁਕਮ ਜਾਰੀ ਕੀਤੇ, ਜਿਨ੍ਹਾਂ ਵਿੱਚ ਕੇਂਦਰ ਅਤੇ ਰਾਜਾਂ ਦੇ ਪ੍ਰਵਾਸੀ ਮਜ਼ਦੂਰਾਂ ਲਈ ਖੁਰਾਕ ਸੁਰੱਖਿਆ, ਨਕਦੀ ਟਰਾਂਜ਼ੈਕਸ਼ਨ ਅਤੇ ਹੋਰ ਭਲਾਈ ਦੇ ਉਪਾਅ ਯਕੀਨੀ ਕਰਨ ਦੇ ਹੁਕਮ ਦੇਣ ਦੀ ਬੇਨਤੀ ਕੀਤੀ ਗਈ ਸੀ। ਅਪੀਲ ਵਿੱਚ ਕਿਹਾ ਗਿਆ ਸੀ ਕਿ ਪ੍ਰਵਾਸੀ ਮਜ਼ਦੂਰ ਕੋਵਿਡ ਦੀ ਦੂਜੀ ਲਹਿਰ ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਕਰਫ਼ਿਊ ਤੇ ਤਾਲਾਬੰਦੀ ਲੱਗਣ ਕਾਰਨ ਸੰਕਟ ਦਾ ਸਾਹਮਣਾ ਕਰ ਰਹੇ ਹਨ।ਬੈਂਚ ਨੇ ਕੇਂਦਰ ਨੂੰ 31 ਜੁਲਾਈ ਤਕ ਗੈਰ ਜਥੇਬੰਦ ਖੇਤਰ ਦੇ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਲਈ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ (ਐਨ ਆਈ ਸੀ) ਦੀ ਮੱਦਦ ਨਾਲ ਇੱਕ ਪੋਰਟਲ ਚਲਾਉਣ ਦਾ ਹੁਕਮ ਦਿੱਤਾ ਤਾਂ ਕਿ ਲੋਕ ਭਲਾਈ ਯੋਜਨਾਵਾਂ ਦਾ ਲਾਭ ਉਨ੍ਹਾਂ ਨੂੰ ਮਿਲ ਸਕੇ। ਇਸ ਵਿੱਚ ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਬੰਧਤ ਰਾਜਾਂ ਵਿੱਚ ਮਹਾਂਮਾਰੀ ਦੀ ਸਥਿਤੀ ਜਾਰੀ ਰਹਿਣ ਤਕ ਪ੍ਰਵਾਸੀ ਮਜ਼ਦੂਰਾਂ ਲਈ ਕਮਿਊਨਿਟੀ ਰਸੋਈ ਘਰ ਚੱਲਦੇ ਰੱਖਣ ਦਾ ਵੀ ਹੁਕਮ ਦਿੱਤਾ ਹੈ।ਅਦਾਲਤ ਨੇ ਸਾਰੇ ਠੇਕੇਦਾਰਾਂ ਨੂੰ 1979 ਦੇ ਕਾਨੂੰਨ ਹੇਠ ਰਜਿਸਟਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਸੂਬਾ ਸਰਕਾਰਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਪ੍ਰਵਾਸੀ ਮਜ਼ਦੂਰਾਂ ਲਈ ਸੁੱਕਾ ਰਾਸ਼ਨ ਦੇਣ ਦੀ ਯੋਜਨਾ 31 ਜੁਲਾਈ ਤਕ ਚਲਾਉਣੀ ਹੋਵੇਗੀ।

ਸਮਾਜਕ ਕਾਰਕੁੰਨ ਅੰਜਲੀ ਭਾਰਦਵਾਜ, ਹਰਸ਼ ਮੰਦਰ ਤੇ ਜਗਦੀਪ ਚੋਕੜ ਨੇ ਪ੍ਰਵਾਸੀ ਮਜ਼ਦੂਰਾਂ ਲਈ ਭਲਾਈ ਯੋਜਨਾਵਾਂ ਲਾਗੂ ਕਰਨ ਦੀ ਬੇਨਤੀ ਨਾਲ ਅਪੀਲ ਕੀਤੀ ਸੀ। ਨਵੀਂ ਅਪੀਲ 2020 ਦਾਅਦਾਲਤ ਵੱਲੋਂ ਖ਼ੁਦ ਨੋਟਿਸ ਲੈਣ ਦੇ ਮਾਮਲੇ ਵਿੱਚ ਦਾਖ਼ਲ ਕੀਤੀ ਗਈ ਸੀ, ਜਿਸ ਵਿੱਚ ਅਦਾਲਤ ਨੇ ਪਿਛਲੇ ਸਾਲ ਮਈ ਵਿੱਚ ਪ੍ਰਵਾਸੀ ਮਜ਼ਦੂਰਾਂ ਦੀਆਂ ਸਮੱਸਿਆਵਾਂ ਅਤੇ ਦੁੱਖਾਂ ਦਾ ਨੋਟਿਸ ਲਿਆ ਤੇ ਕਈ ਨਿਰਦੇਸ਼ ਜਾਰੀ ਕੀਤੇ ਸਨ, ਜਿਸ ਵਿੱਚ ਰਾਜਾਂ ਨੂੰ ਪ੍ਰਵਾਸੀ ਮਜ਼ਦੂਰਾਂ ਤੋਂ ਕਿਰਾਇਆ ਨਾ ਲੈਣ ਅਤੇ ਬੱਸਾਂ ਅਤੇ ਟਰੇਨਾਂ ਵਿੱਚ ਸਵਾਰ ਹੋਣ ਤਕ ਮੁਫ਼ਤ ਭੋਜਨ ਦੇਣਾ ਸ਼ਾਮਲ ਸਨ।

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587

A-One Drivers

TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇਸਟ੍ਰਕਟਰ

647-998-7500

ਬਲਵਿੰਦਰ

## ਵਰਲਡ ਬੈਂਕ ਵੱਲੋਂ ਪਾਕਿਸਤਾਨ ਨੂੰ ਅੱਸੀ ਕਰੋੜ ਡਾਲਰ ਦੀ ਮਨਜ਼ੂਰੀ

ਵਾਸ਼ਿੰਗਟਨ, 1 ਜੁਲਾਈ (ਪੋਸਟ ਬਿਊਰੋ)- ਵਰਲਡ ਬੈਂਕ ਨੇ ਪਾਕਿਸਤਾਨ ਵਿੱਚ ਦੋ ਪ੍ਰੋਗਰਾਮਾਂ ਦੇ ਲਈ ਅੱਸੀ ਕਰੋੜ ਅਮਰੀਕੀ ਡਾਲਰ ਦੀ ਵਿੱਤੀ ਸਹਾਇਤਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪਾਕਿਸਤਾਨ ਸਸਤੀ ਅਤੇ ਸਵੱਛ ਊਰਜਾ ਲਈ ਇੱਕ ਪ੍ਰੋਗਰਾਮ ਚਲਾ ਰਿਹਾ ਹੈ ਅਤੇ ਦੂਸਰਾ ਪ੍ਰੋਗਰਾਮ ਸੁਰੱਖਿਅਤ ਮਨੁੱਖੀ ਨਿਵੇਸ਼ ਨੂੰ ਹੱਲਾਸ਼ੇਰੀ ਦੇਣ ਦ ਹੈ। ਇਸੇ ਨਾਲ ਨੇੜਲੇ ਭਵਿੱਖ ਵਿੱਚ ਪਾਕਿਸਤਾਨ ਦਾ ਵਿਦੇਸ਼ੀ ਕਰਜ਼ਾ ਵਧੇਗਾ ਕਿਉਂਕਿ ਆਪਣੇ ਬਕਾਇਆ ਵਿਦੇਸ਼ੀ ਕਰਜ਼ੇ ਮੋੜਨ, ਚਾਲੂ ਰੱਖਣ ਲਈ ਵਿੱਤ ਪੋਸ਼ਣ ਕਰਨ ਅਤੇ ਵਿਦੇਸ਼ੀ ਕਰੰਸੀ ਭੰਡਾਰ ਲਈ ਹਰ ਸਾਲ ਉਸ ਨੂੰ ਵੱਧ ਹੁਦਾਰ ਚਾਹੀਦਾ ਹੈ।

ਇਸ ਬਾਰੇ ਵਰਲਡ ਬੈਂਕ ਦੇ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਚਾਲੀ ਕਰੋੜ ਅਮਰੀਕੀ ਡਾਲਰ ਦਾ ਪਾਕਿਸਤਾਨੀ ਪ੍ਰੋਗਰਾਮ ਫਾਰ ਅਫੋਰਡੇਬਲ ਐਂਡ ਕਲੀਨ ਐਨਰਜੀ ਬਿਜਲੀ ਖੇਤਰ ਦੀ ਵਿੱਤੀ ਵਿਹਾਰਕਤਾਦੇ ਸੁਧਾਰ ਦੇ ਉਪਾਵਾਂ ਉੱਤੇ ਕੇਂਦ੍ਰਿਤ ਹੈ ਅਤੇ ਘੱਟ ਕਾਰਬਨ ਊਰਜਾ ਲਈ ਦੇਸ਼ ਦੇ ਇਨਫੈਕਸ਼ਨ ਦਾ ਸਮਰਥਨ ਕਰਦਾ ਹੈ। ਵਰਲਡ ਬੈਂਕ ਦੀ ਟਾਸਕ ਟੀਮ ਦੇ ਲੀਡਰ ਰਿਕਾਰਡ ਲਿਡੇਨ ਨੇ ਕਿਹਾ, ‘ਪਾਕਿਸਤਾਨ ਦੀਆਂ ਵਿੱਤੀ ਚੁਣੌਤੀਆਂ ਦੇ ਹੱਲ ਲਈ ਬਿਜਲੀ ਖੇਤਰ ਵਿੱਚ ਸੁਧਾਰ ਮਹੱਤਵਪੂਰਨ ਹੈ।' ਫੋਸਟਰ ਟ੍ਰਾਂਸਫਰਮੇਸ਼ਨ ਪ੍ਰੋਗਰਾਮ ਲਈ ਚਾਲੀ ਕਰੋੜ ਅਮਰੀਕੀ ਡਾਲਰ ਸੈਕਿੰਡ ਸਕਿਓਰਿੰਗ ਹਿਊਮਨ ਇਨਵੈਸਟਮੈਂਟ ਮਨੁੱਖੀ ਪੂੰਜੀ ਨੂੰ ਇਕੱਠਾ ਕਰਨ ਅਤੇ ਬੁਨਿਆਦੀ ਸੇਵਾ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਇੱਕ ਫੈਡਰਲ ਢਾਂਚੇ ਦਾ ਸਮਰਥਨ ਕਰਦਾ ਹੈ।

# ਅਮਰੀਕਾ ਵਿੱਚ ਟਰੱਕ-ਰੇਲ ਹਾਦਸਾ, ਦੋ ਪੰਜਾਬੀ ਨੌਜਵਾਨਾਂ ਦੀ ਮੌਤ

ਸਾਨ ਫਰਾਂਸਿਸਕੋ, 1 ਜੁਲਾਈ (ਪੋਸਟ ਬਿਊਰੋ)- ਅਮਰੀਕਾ ਦੇ ਸੂਬੇ ਮੋਨਟਾਨਾ ਦੇ ਹਾਈਵੇ-90 ਦੇ ਪੂਰਬੀ ਲਵਿੰਗਸਟਨ ਰੇਲ ਰੂਟ ਉੱਤੇ ਟਰੱਕ ਅਤੇ ਰੇਲ ਦੀ ਟੱਕਰ ਵਿੱਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ ਦੀ ਖ਼ਬਰ ਆਈ ਹੈ। ਕੱਲ੍ਹ ਰਾਤ ਇਹ ਹਾਦਸਾ ਲੱਗਭਗ ਨੌਂ ਵਜੇ ਉਸ ਵੇਲੇ ਵਾਪਰਿਆ, ਜਦੋਂ ਰੇਲਵੇ ਟਰੈਕ ਤੋਂ ਪਹਿਲਾਂ ਸਟਾਪ ਸਾਈਨ ਉੱਤੇ ਟਰੱਕ ਡਰਾਈਵਰ ਤਰਨਪ੍ਰੀਤ ਸਿੰਘ ਟਰੱਕ ਨਹੀਂ ਰੋਕ ਸਕਿਆ ਤੇ ਟਰੈਕ ਉੱਤੇ ਆਈ ਤੇਜ਼ ਰਫ਼ਤਾਰ ਰੇਲ ਨਾਲ ਟਕਰਾ ਗਿਆ। ਟੱਕਰ ਏਨੀ ਜ਼ਬਰਦਸਤ ਸੀ ਕਿ ਟਰੇਲਰ ਟਰੱਕ ਤੋਂ ਵੱਖ ਹੋ ਗਿਆ ਅਤੇ ਟਰੱਕ ਰੇਲ ਇੰਜਣ ਨਾਲ ਖਿੱਚਦਾ ਦੂਰ ਤਕ ਚਲਾ ਗਿਆ ਤੇ ਰੇਲ ਦੇ ਇੰਜਣ ਨੂੰ ਵੀ ਅੱਗ ਲੱਗ ਗਈ, ਪਰ ਰੇਲ ਚਾਲਕ ਟੀਮ ਦਾ ਬਚਾਅ ਹੋ ਗਿਆ।



ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਡਰਾਈਵਰ ਦੀ ਪਛਾਣ 22 ਸਾਲਾ ਪੰਜਾਬੀ ਨੌਜਵਾਨ ਤਰਨਪ੍ਰੀਤ ਸਿੰਘ ਪੁੱਤਰ ਸਵਰਗੀ ਜਸਕਰਨਜੀਤ ਸਿੰਘ ਤੇ ਹਰਜਿੰਦਰ ਕੌਰ ਪਿੰਡ ਦੌਲਤਪੁਰ ਜ਼ਿਲ੍ਹਾ ਨਵਾਂ ਸ਼ਹਿਰ ਵਜੋਂ ਹੋਈ ਹੈ। ਦੱਸਿਆ ਜਾਂਦਾ ਹੈ ਕਿ ਇਸ ਨੌਜਵਾਨ ਦਾ ਅਜੇ ਵਿਆਹ ਨਹੀਂ ਸੀ ਹੋਇਆ। ਤਰਨਪ੍ਰੀਤ ਸਿੰਘ ਛੇ ਸਾਲ ਦਾ ਸੀ ਜਦੋਂ ਉਸ ਦੇ ਪਿਤਾ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਇਨ੍ਹਾਂ ਨੂੰ ਸ਼ਹੀਦਾਂ ਦਾ ਪਰਵਾਰ ਕਿਹਾ ਜਾਂਦਾ ਹੈ, ਉਸ ਦੇ ਦਾਦਾ ਜਗੀਰ ਸਿੰਘ ਫ਼ੌਜ ਵਿੱਚ ਸ਼ਹੀਦ ਹੋਏ ਸਨ। ਤਰਨਪ੍ਰੀਤ ਸਿੰਘ ਚਾਰ ਸਾਲ ਪਹਿਲਾਂ ਅਮਰੀਕਾ ਆਇਆ ਸੀ ਤੇ ਵਿਕਟਰਵਿੱਲ ਲਾਸ ਏਂਜਲਸ ਵਿੱਚ ਰਹਿ ਰਿਹਾ ਸੀ। ਦੂਜੇ ਮਾਰੇ ਗਏ ਪੰਜਾਬੀ ਨੌਜਵਾਨ ਦੀ ਪਛਾਣ 27 ਸਾਲਾ ਗੁਰਸਿਮਰਨ ਸਿੰਘ ਵਜੋਂ ਹੋਈ ਹੈ, ਜੋ ਜਲੰਧਰ ਸ਼ਹਿਰਨੇੜੇ ਪਿੰਡ ਤਰਾੜ ਤੋਂ ਸੀ। ਉਹ ਬੀਤੀ 11 ਮਾਰਚ ਨੂੰ ਆਪਣੀ ਸਿਟੀਜ਼ਨ ਪਤਨੀ ਕੋਲ ਅਮਰੀਕਾ ਪੱਕੇ ਤੌਰ ਉੱਤੇ ਰਹਿਣ ਲਈ ਪਹੁੰਚਿਆ ਸੀ। ਉਸ ਨੇ ਟਰੱਕ ਡਰਾਈਵਿੰਗ ਦਾ ਲਿਖਤੀ ਟੈਸਟ ਪਾਸ ਕਰ ਲਿਆ ਸੀ, ਸਿਰਫ਼ ਤਜ਼ਰਬਾ ਲੈਣ ਲਈ ਤਰਨਪ੍ਰੀਤ ਨਾਲ ਟਰੱਕ ਉੱਤੇ ਜਾਂਦਾ ਸੀ। ਗੁਰਸਿਮਰਨ ਸਿੰਘ ਮਾਂ-ਬਾਪ ਦਾ ਇਕਲੌਤਾ ਪੁੱਤਰ ਸੀ ਤੇ ਉਹ ਆਪਣੇ ਪਤਨੀ ਤੇ ਇੱਕ ਸਾਲਾ ਪੁੱਤਰ ਨੂੰ ਛੱਡ ਗਿਆ ਹੈ। ਇਹ ਨੌਜਵਾਨ ਨੌਰਥ ਡਕੋਟਾ ਤੋਂ ਬੇ ਏਰੀਆ ਨੂੰ ਲੋਡ ਲੈ ਕੇ ਆ ਰਹੇ ਸਨ ਕਿ ਰਸਤੇ ਵਿੱਚ ਹਾਦਸਾ ਵਾਪਰ ਗਿਆ।


### ਮਾਮਲਾ ਅਮਰੀਕਾ ਦੀ ਇਮੀਗ੍ਰੇਸ਼ਨ ਦਾ :

## ਹਿਰਾਸਤ ਕੇਂਦਰਾਂ ਵਿੱਚ ਧੱਕੇ ਨਾਲ ਖੁਆਉਣ,ਪਿਆਉਣ ਅਤੇ ਮਨੁੱਖੀ ਹੱਕਾਂ ਦੀ ਉਲੰਘਣਾ ਵਿਰੁੱਧ ਭੁੱਖ ਹੜਤਾਲ

ਸੈਕਰਾਮੈਂਟੋ, 1 ਜੁਲਾਈ (ਪੋਸਟ ਬਿਊਰੋ)- ਅਮਰੀਕਾ ਦੇ ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਵਿੱਚ ਧੱਕੇ ਨਾਲ ਖੁਆਉਣ, ਪਿਆਉਣ ਤੇ ਮਨੁੱਖੀ ਹੱਕਾਂ ਦੀ ਉਲੰਘਣਾ ਵਿਰੁੱਧ ਭੁੱਖ ਹੜਤਾਲ ਹੋ ਗਈ ਹੈ। ਇਸ ਬਾਰੇ ਖੁਲਾਸਾ ਮਨੁੱਖੀ ਹੱਕਾਂ ਬਾਰੇ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਐਂਡ ਫਿਜ਼ੀਸ਼ੀਅਨ ਵੱਲੋਂ ਜਾਰੀ ਰਿਪੋਰਟ ਵਿੱਚ ਕੀਤਾ ਗਿਆ।

ਸੂਚਨਾ ਲੈਣ ਦੀ ਆਜ਼ਾਦੀ ਦੇ ਅਧਿਕਾਰ ਹੇਠ ਲਈ ਇਸ 10,000 ਸਫਿਆਂ ਦੀ ਰਿਪੋਰਟ ਅਨੁਸਾਰ ਧੱਕੇ ਨਾਲ ਨੱਕ ਰਾਹੀਂ ਤਰਲ ਪਦਾਰਥ ਦੇਣ ਤੇ ਜਬਰਦਸਤੀ ਖੁਆਉਣ,ਪਿਆਉਣ ਨਾਲ ਘੱਟੋ ਘੱਟ ਤਿੰਨ ਵਿਅਕਤੀ ਮਾਰੇ ਜਾ ਚੁੱਕੇ ਹਨ। ਰਿਪੋਰਟ ਮੁਤਾਬਕ ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਵਿੱਚ ਭੁੱਖ ਹੜਤਾਲ ਰੱਖਣ ਨੂੰ ਹਲਕੇ ਰੰਗ ਵਿੱਚ ਨਹੀਂ ਲਿਆ ਜਾ ਸਕਦਾ। ਹਿਰਾਸਤ ਵਿੱਚ ਕਿਸੇ ਵਿਅਕਤੀ ਵੱਲੋਂ ਖਾਣ ਪੀਣ ਤੋਂ ਇਨਕਾਰ ਕਰਨਾ ਉਸ ਲਈ ਆਪਣੀ ਸ਼ਿਕਾਇਤ ਦਰਜ ਕਰਵਾਉਣ ਦਾ ਆਖ਼ਰੀ ਰਾਹ ਹੁੰਦਾ ਹੈ। ਉਹ ਇਹ ਕਦਮ ਉਸ ਸਮੇਂ ਚੁੱਕਦਾ ਹੈ ਜਦੋਂ ਉਸ ਦੀ ਸੁਣਵਾਈ ਲਈ ਸਾਰੇ ਰਾਹ ਬੰਦ ਹੋ ਜਾਂਦੇ ਹਨ। ਰਿਪੋਰਟ ਅਨੁਸਾਰ ਲੋਕਾਂ ਨੂੰ ਆਪਣੇ ਕੇਸਾਂ ਦੇ ਫੈਸਲੇ ਦੀ ਉਡੀਕ ਵਿੱਚ ਕਈ ਮਹੀਨੇ ਜਾਂ ਸਾਲਾਂ ਬੱਧੀ ਸੀਖਾਂ ਪਿੱਛੇ ਬਿਤਾਉਣੇ ਪੈਂਦੇ ਹਨ। ਉਹ ਗਲਤ ਵਿਹਾਰ ਦੇ ਸਿਸਟਮ ਵਿੱਚ ਫਸ ਜਾਂਦੇ ਹਨ, ਜਿੱਥੇ ਡਾਕਟਰੀ ਸਹਾਇਤਾ ਨਹੀਂ ਦਿੱਤੀ ਜਾਂਦੀ ਤੇ ਲੋੜੀਂਦੀ ਪ੍ਰਕਿਰਿਆ ਤੋਂ ਵੀ ਨਾਂਹ ਕਰ ਦਿੱਤੀ ਜਾਂਦੀ ਹੈ। ਇਸ ਲਈ ਹਰ ਸਾਲ ਸੈਂਕੜੇ ਪ੍ਰਵਾਸੀ ਇਨ੍ਹਾਂ ਹਿਰਾਸਤੀ ਕੇਂਦਰਾਂ ਵਿੱਚ ਹੜਤਾਲ ਕਰਦੇ ਹਨ।



# ਰਿਹਾਇਸ਼ੀ ਇਲਾਕੇ ਵਿੱਚ ਨਿੱਕਾ ਜਹਾਜ਼ ਹਾਦਸਾਗ੍ਰਸਤ, ਦੋ ਜ਼ਖ਼ਮੀ



ਵਿਕਟੋਰੀਆ, 1 ਜੁਲਾਈ (ਪੋਸਟ ਬਿਊਰੋ) : ਵੈਨਕੂਵਰ ਆਈਲੈਂਡ ਉੱਤੇ ਰਿਹਾਇਸ਼ੀ ਇਲਾਕੇ ਵਿੱਚ ਇੱਕ ਨਿੱਕੇ ਜਹਾਜ਼ ਦੇ ਹਾਦਸਾਗ੍ਰਸਤ ਹੋਣ ਮਗਰੋਂ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਹੈ।

ਪ੍ਰਾਈਵੇਟ ਤੌਰ ਉੱਤੇ ਰਜਿਸਟਰਡ ਬੀਚ ਜੀ 36 ਬੋਨਾਂਜ਼ਾ ਪਲੇਨ ਸੋਮਵਾਰ ਨੂੰ ਵਿਕਟੋਰੀਆ ਤੋਂ 44 ਕਿਲੋਮੀਟਰ ਉੱਤਰ ਵੱਲ ਮਿੱਲ ਬੇਅ ਵਿੱਚ ਹੇਅਡਨ ਪਲੇਸ ਨੇੜੇ ਰਾਤੀਂ 1:25 ਉੱਤੇ ਹਾਦਸੇ ਦਾ ਸ਼ਿਕਾਰ ਹੋਇਆ। ਬੀਸੀ ਦੀ ਐਮਰਜੰਸੀ ਹੈਲਥ ਸਰਵਿਸਿਜ਼ ਅਨੁਸਾਰ ਛੇ ਐਂਬੂਲੈਂਸਾਂ ਤੇ ਦੋ ਏਅਰ ਐਂਬੂਲੈਂਸਾਂ ਮੌਕੇ ਉੱਤੇ ਭੇਜੀਆਂ ਗਈਆਂ। ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਐਮਰਜੰਸੀ ਸੇਵਾਵਾਂ ਅਨੁਸਾਰ ਦੂਜੇ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਏਅਰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ।

ਹਾਦਸੇ ਤੋਂ ਬਾਅਦ ਮਿੱਲ ਬੇਅ ਵਾਸੀ ਥੌਮਸ ਰੌਏ ਹੌਰਟਨ ਰੋਡ ਤੇ ਹੇਡਨ ਪਲੇਸ ਇਲਾਕੇ ਵਿੱਚ ਮੌਕੇ ਉੱਤੇ ਹੀ ਮੌਜੂਦ ਸੀ। ਉਸ ਨੇ ਦੱਸਿਆ ਕਿ 1:30 ਵਜੇ ਦੇ ਨੇੜੇ ਤੇੜੇ ਉਹ ਆਪਣੇ ਘਰ ਪਹੁੰਚਿਆ ਤੇ ਉਸ ਨੇ ਐਂਬੂਲੈਂਸ ਤੇ ਫਾਇਰ ਡਿਪਾਰਟਮੈਂਟ ਨੂੰ ਹਾਦਸੇ ਵਾਲੀ ਥਾਂ ਉੱਤੇ ਵੇਖਿਆ। ਉਸ ਨੇ ਦੱਸਿਆ ਕਿ ਜਹਾਜ਼ ਵਿੱਚ ਦੋ ਲੋਕ ਸਵਾਰ ਸਨ। ਟਰਾਂਸਪੋਰਟੇਸ਼ਨ ਸੇਫਟੀ ਬੋਰਡ ਆਫ ਕੈਨੇਡਾ (ਟੀਐਸਬੀ) ਦੇ ਦੱਸਣ ਮੁਤਾਬਕ ਜਹਾਜ਼ ਸੈਸ਼ੈਲ ਤੋਂ ਵਿਕਟੋਰੀਆ ਜਾ ਰਿਹਾ ਸੀ।

ਟੀਐਸਬੀ ਦਾ ਕਹਿਣਾ ਹੈ ਕਿ ਉਹ ਹਾਦਸੇ ਦੀ ਜਾਂਚ ਲਈ ਜਾਂਚਕਾਰ ਨਿਯੁਕਤ ਨਹੀਂ ਕਰ ਰਹੀ ਪਰ ਜਾਣਕਾਰੀ ਇੱਕਠੀ ਕਰਨ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਦੌਰਾਨ ਵਿਕਟੋਰੀਆ ਏਅਰਪੋਰਟ ਅਥਾਰਟੀ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਇਹ ਜਹਾਜ਼ ਵਿਕਟੋਰੀਆ ਏਅਰਪੋਰਟ ਉੱਤੇ ਉਤਰਨ ਦੀ ਕੋਸ਼ਿਸ਼ ਕਰ ਰਿਹਾ ਸੀ ਜਦੋਂ ਇਹ ਹਾਦਸਾਗ੍ਰਸਤ ਹੋ ਗਿਆ।

# ਓਨਟਾਰੀਓ ਦੇ ਅਰਥਚਾਰੇ ਦੀ ਰੀਓਪਨਿੰਗ ਸਮੇਂ ਤੋਂ ਪਹਿਲਾਂ ਹੋਣ ਦਾ ਫੋਰਡ ਨੇ ਦਿੱਤਾ ਸੰਕੇਤ




ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਸੋਮਵਾਰ ਨੂੰ ਇਹ ਸੰਕੇਤ ਦਿੱਤਾ ਕਿ ਓਨਟਾਰੀਓ ਦੇ ਅਰਥਚਾਰੇ ਦੀ ਰੀਓਪਨਿੰਗ ਉਨ੍ਹਾਂ ਦੀ ਸਰਕਾਰ ਦੇ ਮੌਜੂਦਾ ਪਲੈਨ ਤੋਂ ਪਹਿਲਾਂ ਹੋ ਸਕਦੀ ਹੈ।

ਫੋਰਡ ਨੇ ਆਖਿਆ ਕਿ ਉਨ੍ਹਾਂ ਤੋਂ ਜ਼ਿਆਦਾ ਪ੍ਰੋਵਿੰਸ ਨੂੰ ਰੀਓਪਨ ਕਰਨ ਦੀ ਕਾਹਲੀ ਕਿਸੇ ਹੋਰ ਨੂੰ ਨਹੀਂ ਹੋਵੇਗੀ। ਉਨ੍ਹਾਂ ਆਖਿਆ ਕਿ ਅਸੀਂ ਪ੍ਰੋਵਿੰਸ ਨੂੰ ਰੀਓਪਨ ਕਰਨ ਦੇ ਕਾਫੀ ਨੇੜੇ ਹਾਂ। ਉਨ੍ਹਾਂ ਇਹ ਵੀ ਆਖਿਆ ਕਿ ਉਹ ਜਲਦ ਹੀ ਨਵੇਂ ਚੀਫ ਮੈਡੀਕਲ ਆਫੀਸਰ ਆਫ ਹੈਲਥ, ਡਾ. ਮੂਰ ਨਾਲ ਬੈਠਣਗੇ ਤੇ ਉਨ੍ਹਾਂ ਦੀ ਸਲਾਹ ਵੀ ਲੈਣਗੇ। ਜੇ ਉਨ੍ਹਾਂ ਵੱਲੋਂ ਹਰੀ ਝੰਡੀ ਦਿੱਤੀ ਜਾਂਦੀ ਹੈ ਤਾਂ ਅਸੀਂ ਪ੍ਰੋਵਿੰਸ ਨੂੰ ਰੀਓਪਨ ਕਰ ਲਵਾਂਗੇ। ਫੋਰਡ ਨੇ ਆਖਿਆ ਕਿ ਇਸ ਲਈ ਉਹ ਹੋਰ ਉਡੀਕ ਨਹੀਂ ਕਰ ਪਾ ਰਹੇ।

ਫੋਰਡ ਨੇ ਆਖਿਆ ਕਿ ਹੁਣ ਕੁੱਝ ਕੁ ਥਾਂਵਾਂ ਰਹਿ ਗਈਆਂ ਹਨ ਜਿਹੜੀਆਂ ਨਹੀਂ ਖੁੱਲ੍ਹੀਆਂ ਹੋਈਆਂ। ਇਨ੍ਹਾਂ ਵਿੱਚ ਇੰਡੋਰ ਡਾਈਨਿੰਗ, ਕੈਸੀਨੋਜ਼ ਤੇ ਸਟਰਿੱਪ ਜੁਆਇੰਟਸ ਸ਼ਾਮਲ ਹਨ। ਇਹੋ ਤਿੰਨ ਚੀਜ਼ਾਂ ਹਾਲ ਦੀ ਘੜੀ ਨਹੀਂ ਖੁੱਲ੍ਹੀਆਂ ਹਨ। ਉਨ੍ਹਾਂ ਆਖਿਆ ਕਿ ਬਾਕੀ ਸਾਰੀਆਂ ਚੀਜ਼ਾਂ ਅੱਗੇ ਵੱਧ ਰਹੀਆਂ ਲੱਗ ਰਹੀਆਂ ਹਨ। ਉਨ੍ਹਾਂ ਇਹ ਵੀ ਆਖਿਆ ਕਿ ਇਸ ਸੱਭ ਦੇ ਨਾਲ ਨਾਲ ਸਾਨੂੰ ਡੈਲਟਾ ਵੇਰੀਐਂਟ ਦਾ ਵੀ ਖਿਆਲ ਰੱਖਣਾ ਹੋਵੇਗਾ ਤੇ ਜਿੰਮਜ਼ ਵਿੱਚ ਵੀ ਵਿਸ਼ੇਸ਼ ਅਹਿਤਿਆਤ ਵਰਤਣੀ ਹੋਵੇਗੀ।

ਫੋਰਡ ਨੇ ਦੱਸਿਆ ਕਿ ਹੇਅਰ ਤੇ ਨੇਲ ਸੈਲੌਂ ਦੇ ਨਾਲ ਨਾਲ ਹੋਰ ਪਰਸਨਲ ਕੇਅਰ ਸਰਵਿਸਿਜ਼ ਬੁੱਧਵਾਰ ਤੋਂ ਸ਼ੁਰੂ ਹੋ ਜਾਣਗੀਆਂ ਜਦੋਂ ਪ੍ਰੋਵਿੰਸ ਰੀਓਪਨਿੰਗ ਪਲੈਨ ਦੇ ਦੂਜੇ ਪੜਾਅ ਵਿੱਚ ਦਾਖਲ ਹੋਵੇਗਾ ਪਰ ਜਿੰਮਜ਼ ਨੂੰ ਹਾਲ ਦੀ ਘੜੀ ਬੰਦ ਰੱਖਿਆ ਜਾਵੇਗਾ। ਫੋਰਡ ਨੇ ਜਿੰਮ ਮਾਲਕਾਂ ਨੂੰ ਹਲੀਮੀ ਤੋਂ ਕੰਮ ਲੈਣ ਲਈ ਆਖਿਆ। ਉਨ੍ਹਾਂ ਆਖਿਆ ਕਿ ਆਊਟਡੋਰ ਫਿਟਨੈੱਸ ਕਲਾਸਿਜ਼ ਦੀ ਇਜਾਜ਼ਤ ਹੈ ਪਰ ਇੰਡੋਰਜ਼ ਵਿੱਚ ਅਜੇ ਕਿਸੇ ਚੀਜ਼ ਦੀ ਇਜਾਜ਼ਤ ਨਹੀਂ ਹੈ।

# ਐਮ ਆਰ ਐਨ ਏ ਵੈਕਸੀਨ ਲਵਾਉਣ ਵਾਲੇ ਸਾਰੇ ਬਾਲਗ ਦੂਜੀ ਡੋਜ਼ ਦੇ ਹੋਣਗੇ ਯੋਗ




ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸਵੇਰੇ ਹੋਰ ਓਨਟਾਰੀਓ ਵਾਸੀ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਲਵਾਉਣ ਦੇ ਯੋਗ ਹੋ ਜਾਣਗੇ।

ਪ੍ਰੋਵਿੰਸ ਵੱਲੋਂ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਸਾਰੇ ਓਨਟਾਰੀਓ ਵਾਸੀਆਂ, ਜੋ ਕਿ ਐਮ ਆਰ ਐਨ ਏ ਵੈਕਸੀਨ ਦੀ ਪਹਿਲੀ ਡੋਜ਼ ਲਵਾ ਚੁੱਕੇ ਹਨ, ਨੂੰ ਸੈਕਿੰਡ ਡੋਜ਼ ਲਵਾਉਣ ਦੇ ਯੋਗ ਕਰਾਰ ਦਿੱਤਾ ਗਿਆ ਹੈ। ਫਾਈਜ਼ਰ ਜਾਂ ਮੌਡਰਨਾ ਲਵਾਉਣ ਵਾਲੇ ਓਨਟਾਰੀਓ ਵਾਸੀਆਂ ਨੂੰ ਆਪਣੇ ਪਹਿਲੇ ਸ਼ੌਟ ਤੋਂ 28 ਦਿਨਾਂ ਤੋਂ ਬਾਅਦ ਦੂਜਾ ਸ਼ੌਟ ਲੱਗ ਸਕੇਗਾ। ਸੋਮਵਾਰ ਸਵੇਰੇ 8:00 ਵਜੇ ਤੋਂ ਸ਼ੁਰੂ ਕਰਕੇ ਓਨਟਾਰੀਓ ਦੇ ਲੋਕ ਆਪਣੇ ਪ੍ਰੋਵਿੰਸ਼ੀਅਲ ਬੁਕਿੰਗ ਸਿਸਟਮ ਰਾਹੀਂ ਜਾਂ ਉਨ੍ਹਾਂ ਪਬਲਿਕ ਹੈਲਥ ਯੂਨਿਟਸ ਰਾਹੀਂ ਵੈਕਸੀਨ ਦੀ ਦੂਜੀ ਡੋਜ਼ ਬੁੱਕ ਕਰਵਾ ਸਕਣਗੀਆਂ ਜਿਹੜੀਆਂ ਆਪਣਾ ਬੁਕਿੰਗ ਸਿਸਟਮ ਵਰਤਦੀਆਂ ਹਨ। ਇਸ ਤੋਂ ਇਲਾਵਾ ਵੈਕਸੀਨੇਸ਼ਨ ਦੀ ਇਸ ਮੁਹਿੰਮ ਵਿੱਚ ਹਿੱਸਾ ਲੈਣ ਵਾਲੀਆਂ ਫਾਰਮੇਸੀਜ਼ ਰਾਹੀਂ ਵੀ ਇਹ ਟੀਕੇ ਲਵਾਏ ਜਾ ਸਕਣਗੇ।

ਪ੍ਰੋਵਿੰਸ ਅਨੁਸਾਰ ਇਸ ਨਾਲ 1.5 ਮਿਲੀਅਨ ਓਨਟਾਰੀਓ ਵਾਸੀ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਲਵਾਉਣ ਦੇ ਸਮਰੱਥ ਹੋ ਸਕਣਗੇ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਓਨਟਾਰੀਓ ਵਿੱਚ ਵੈਕਸੀਨੇਸ਼ਨ ਦਾ ਕੰਮ ਹੋਰ ਤੇਜ਼ ਹੋ ਗਿਆ ਹੈ। ਇਸ ਨਾਲ ਅਸੀਂ ਰਿਸਕ ਵਿਚਲੀਆਂ ਆਪਣੀਆਂ ਕਮਿਊਨਿਟੀਜ਼ ਦਾ ਧਿਆਨ ਰੱਖਦਿਆਂ ਹੋਇਆਂ ਸ਼ਡਿਊਲ ਤੋਂ ਪਹਿਲਾਂ ਸੈਕਿੰਡ ਡੋਜ਼ਿਜ਼ ਲਾ ਸਕਦੇ ਹਾਂ। ਉਨ੍ਹਾਂ ਆਖਿਆ ਕਿ ਸਾਰੀਆਂ ਵੈਕਸੀਨਜ਼ ਕੋਵਿਡ-19 ਤੇ ਡੈਲਟਾ ਵੇਰੀਐਂਟ ਤੋਂ ਸੁਰੱਖਿਆ ਮੁਹੱਈਆ ਕਰਵਾਉਂਦੀਆਂ ਹਨ। ਉਨ੍ਹਾਂ ਆਖਿਆ ਕਿ ਉਹ ਸਾਰਿਆਂ ਨੂੰ ਜਲਦ ਤੋਂ ਜਲਦ ਆਪਣੀਆਂ ਦੂਜੀਆਂ ਡੋਜ਼ ਲਵਾਉਣ ਦੀ ਸਲਾਹ ਦਿੰਦੇ ਹਨ।

ਇਥੇ ਦੱਸਣਾ ਬਣਦਾ ਹੈ ਕਿ 12 ਤੋਂ 17 ਸਾਲ ਦੇ ਜਿਹੜੇ ਬੱਚੇ 10 ਡੈਲਟਾ ਵੇਰੀਐਂਟ ਹੌਟ ਸਪੌਟਸ ਵਿੱਚ ਰਹਿੰਦੇ ਹਨ ਉਹ ਵੀਕੈਂਡ ਉੱਤੇ ਸੈਕਿੰਡ ਡੋਜ਼ ਲਵਾਉਣ ਲਈ ਯੋਗ ਹੋ ਜਾਣਗੇ। ਡੈਲਟਾ ਹੌਟ ਸਪੌਟ ਰੀਜਨ ਹੇਠ ਲਿਖੇ ਅਨੁਸਾਰ ਹਨ :

-ਦਰਹਾਮ, ਹਾਲਟਨ, ਹੈਮਿਲਟਨ, ਪੀਲ, ਪੌਰਕਿਊਪਾਈਨ, ਸਿਮਕੋ-ਮਸਕੋਕਾ, ਟੋਰਾਂਟ, ਵਾਟਰਲੂ, ਵੈਲਿੰਗਟਨ-ਡਫਰਿਨ-ਗੁਐਲਫ, ਯੌਰਕ

# ਮਾਲ ਦੇ ਬਾਹਰ ਹੋਈ ਲੜਾਈ ਤੋਂ ਬਾਅਦ ਚਾਰ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੀਲ ਪੁਲਿਸ



ਮਿਸੀਸਾਗਾ, 1 ਜੁਲਾਈ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਮਾਲ ਦੇ ਬਾਹਰ ਹੋਈ ਹਿੰਸਕ ਲੜਾਈ ਦੀਆਂ ਸੋਸ਼ਲ ਮੀਡੀਆ ਉੱਤੇ ਪਾਈਆਂ ਗਈਆਂ ਦੋ ਵੀਡੀਓ ਕਾਫੀ ਵਾਇਰਲ ਹੋ ਗਈਆਂ ਹਨ।

ਯੂ ਟਿਊਬ ਉੱਤੇ ਪੋਸਟ ਕੀਤੀ ਗਈ ਵੀਡੀਓ ਵਿੱਚ ਕੁੱਝ ਵਿਅਕਤੀ ਇੱਕ ਦੂਜੇ ਉੱਤੇ ਕ੍ਰਿਕਟ ਤੇ ਬਾਸਕਿਟਬਾਲ ਬੈਟਜ਼ ਨਾਲ ਹਮਲਾ ਕਰਦੇ ਨਜ਼ਰ ਆ ਰਹੇ ਹਨ। ਇੱਕ ਵਿਅਕਤੀ ਜ਼ਮੀਨ ਉੱਤੇ ਪਿਆ ਨਜ਼ਰੀਂ ਪੈਂਦਾ ਹੈ। ਇਹ ਲੜਾਈ ਸ਼ਨਿੱਚਰਵਾਰ ਰਾਤੀਂ 7:30 ਵਜੇ ਦੇ ਨੇੜੇ ਤੇੜੇ ਮਾਲਟਨ ਦੇ ਗੋਰਵੇਅ ਡਰਾਈਵ ਤੇ ਮੌਰਨਿੰਗਸਟਾਰ ਡਰਾਈਵ ਇਲਾਕੇ ਵਿੱਚ ਵੈਸਟਵੁੱਡ ਮਾਲ ਦੇ ਬਾਹਰ ਹੋਈ ਦੱਸੀ ਜਾਂਦੀ ਹੈ। ਪੀਲ ਰੀਜਨਲ ਪੁਲਿਸ ਕਾਂਸਟੇਬਲ ਹਿੰਮਤ ਗਿੱਲ ਨੇ ਦੱਸਿਆ ਕਿ ਇਸ ਘਟਨਾ ਵਿੱਚ ਤਿੰਨ ਵਿਅਕਤੀ ਜ਼ਖਮੀ ਹੋ ਗਏ ਤੇ ਇੱਕ ਨੂੰ ਹਸਪਤਾਲ ਲਿਜਾਇਆ ਗਿਆ। ਤਿੰਨਾਂ ਨੂੰ ਹੀ ਗੰਭੀਰ ਸੱਟਾਂ ਨਹੀਂ ਲੱਗੀਆਂ।

ਪੁਲਿਸ ਨੇ ਦੱਸਿਆ ਕਿ ਹੁਣ ਉਹ ਇਸ ਘਟਨਾ ਦੇ ਸਬੰਧ ਵਿੱਚ ਚਾਰ ਸਾਊਥ ਏਸ਼ੀਅਨ ਵਿਅਕਤੀਆਂ ਦੀ ਭਾਲ ਕਰ ਰਹੀ ਹੈ। ਇੱਕ ਵਿਅਕਤੀ 5 ਫੁੱਟ 9 ਇੰਚ ਤੇ 160 ਪਾਊਂਡ ਵਜ਼ਨੀ ਦੱਸਿਆ ਜਾਂਦਾ ਹੈ ਜਿਸ ਦੇ ਵਾਲਾਂ ਦਾ ਰੰਗ ਕਾਲਾ, ਮੂੰਹ ਉੱਤੇ ਹਲਕੀ ਦਾੜ੍ਹੀ ਹੈ ਤੇ ਉਸ ਨੇ ਚੈੱਕ ਵਾਲੀ ਸ਼ਰਟ ਤੇ ਹਲਕੇ ਰੰਗ ਦੀ ਪੈਂਟ ਪਾਈ ਹੋਈ ਸੀ। ਦੂਜੇ ਵਿਅਕਤੀ ਦੇ ਵੀ ਮੂੰਹ ਉੱਤੇ ਹਲਕੀ ਦਾੜ੍ਹੀ ਹੈ, ਉਸ ਨੇ ਸਿਰ ਉੱਤੇ ਪੱਗ, ਹਲਕੇ ਨੀਲੇ ਰੰਗ ਦੀ ਡੈਨਿਮ ਸ਼ਰਟ, ਨੀਲੀ ਜੀਨਜ਼ ਤੇ ਚਿੱਟੀ ਸ਼ਰਟ ਪਾਈ ਹੋਈ ਸੀ। ਇੱਕ ਹੋਰ ਵਿਅਕਤੀ ਦੇ ਵਾਲਾਂ ਦਾ ਰੰਗ ਕਾਲਾ ਸੀ, ਉਸ ਨੇ ਚਿੱਟੇ ਰੰਗ ਦੀ ਗੌਲਫ ਸ਼ਰਟ, ਕਾਲੇ ਰੰਗ ਦੀ ਪੈਂਟ ਤੇ ਸੂਜ਼ ਪਾਏ ਹੋਏ ਸਨ। ਚੌਥੇ ਵਿਅਕਤੀ ਦੇ ਵਾਲਾਂ ਦਾ ਰੰਗ ਕਾਲਾ ਸੀ, ਉਸ ਨੇ ਕਾਲੀ ਪੈਂਟ, ਚਿੱਟੀ ਸ਼ਰਟ ਤੇ ਖਾਖੀ ਡਰੈੱਸ ਸ਼ਰਟ ਪਾਈ ਹੋਈ ਸੀ।

ਪੁਲਿਸ ਅਨੁਸਾਰ ਮਸ਼ਕੂਕ ਤੇ ਜ਼ਖਮੀ ਵਿਅਕਤੀ ਇੱਕ ਦੂਜੇ ਨੂੰ ਨਹੀਂ ਜਾਣਦੇ। ਪੁਲਿਸ ਨੇ ਦੱਸਿਆ ਕਿ ਇਸ ਲੜਾਈ ਤੋਂ ਬਾਅਦ ਮਸ਼ਕੂਕ ਚਾਰ ਦਰਵਾਜ਼ਿਆਂ ਵਾਲੀ ਡੌਜ ਚਾਰਜਰ ਵਿੱਚ ਫਰਾਰ ਹੋ ਗਏ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਲੜਾਈ ਕਿਸ ਕਾਰਨ ਹੋਈ।

# ਬਰਲਿੰਗਟਨ ਵਿੱਚ ਗੱਡੀ ਨਾਲ ਟਕਰਾਉਣ ਕਾਰਨ ਰਾਹਗੀਰ ਦੀ ਮੌਤ

ਬਰਲਿੰਗਟਨ, 1 ਜੁਲਾਈ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਬਰਲਿੰਗਟਨ ਵਿੱਚ ਕੁਈਨ ਐਲਿਜ਼ਾਬੈੱਥ ਵੇਅ ਵਿੱਚ ਗੱਡੀ ਨਾਲ ਟਕਰਾ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਇਹ ਹਾਦਸਾ ਰਾਤੀਂ 10:00 ਵਜੇ ਤੋਂ ਬਾਅਦ ਨੌਰਥ ਸ਼ੋਰ ਬੋਲੀਵੀਆਰਡ ਨੇੜੇ ਹਾਈਵੇਅ ਦੀਆਂ ਟੋਰਾਂਟੋ ਵਾਲੀਆਂ ਲੇਨਜ਼ ਉੱਤੇ ਵਾਪਰਿਆ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ। ਜਾਂਚ ਦੇ ਸਬੰਧ ਵਿੱਚ ਹਾਈਵੇਅ ਨੂੰ ਵੀ ਲੰਮਾਂ ਸਮਾਂ ਬੰਦ ਰੱਖਿਆ ਗਿਆ। ਟੋਰਾਂਟੋ ਜਾਣ ਵਾਲਾ ਸਾਰਾ ਟਰੈਫਿਕ ਈਸਟਪੋਰਟ ਡਰਾਈਵ ਵੱਲ ਦੀ ਭੇਜਿਆ ਗਿਆ।

# ਦੱਖਣੀ ਓਨਟਾਰੀਓ ਦੇ ਤਾਪਮਾਨ ਵਿੱਚ ਵੱਧ ਸਕਦੀ ਹੈ ਤਪਿਸ਼

## ਬ੍ਰਿਟਿਸ਼ ਕੋਲੰਬੀਆ ਵਿੱਚ ਤਾਪਮਾਨ 46.1 ਡਿਗਰੀ ਸੈਲਸੀਅਸ ਤੋਂ ਪਹੁੰਚਿਆ ਪਾਰ

ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਇਸ ਹਫਤੇ ਦੇ ਸ਼ੁਰੂ ਵਿੱਚ ਦੱਖਣੀ ਓਨਟਾਰੀਓ ਵਿੱਚ ਤਾਪਮਾਨ ਵਿੱਚ ਤਪਿਸ਼ ਦੇ ਨਾਲ ਨਾਲ ਚਿਪਚਿਪਾਹਟ ਵੀ ਵੱਧਣ ਜਾ ਰਹੀ ਹੈ। ਪਰ ਕੈਨੇਡਾ ਦੇ ਪੱਛਮੀ ਹਿੱਸੇ ਵਿੱਚ ਇਸ ਸਮੇਂ ਕੈਨੇਡੀਅਨਜ਼ ਨੂੰ ਜਿਸ ਤਰ੍ਹਾਂ ਦੀ ਹੀਟ ਵੇਵ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਹ ਉਸ ਦੇ ਮੁਕਾਬਲੇ ਕੁੱਝ ਵੀ ਨਹੀਂ ਹੋਵੇਗੀ।

ਸੋਮਵਾਰ ਲਈ ਐਨਵਾਇਰਮੈਂਟ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਮੌਸਮ ਸਬੰਧੀ ਵਿਸ਼ੇਸ਼ ਬਿਆਨ ਵਿੱਚ ਮੌਸਮ ਵਿੱਚ ਨਮੀ 40 ਦੇ ਨੇੜੇ ਤੇੜੇ ਮਹਿਸੂਸ ਕੀਤੀ ਜਾਵੇਗੀ। ਤਾਪਮਾਨ 31 ਡਿਗਰੀ ਸੈਲਸੀਅਸ ਰਹਿਣ ਦੀ ਸੰਭਾਵਨਾ ਹੈ ਪਰ ਇਹ 37 ਡਿਗਰੀ ਸੈਲਸੀਅਸ ਤੱਕ ਮਹਿਸੂਸ ਹੋ ਸਕਦਾ ਹੈ।

ਮੌਸਮ ਵਿਗਿਆਨੀ ਜਿੱਲ ਟੇਲਰ ਦਾ ਕਹਿਣਾ ਹੈ ਕਿ ਐਨੀ ਗਰਮੀ ਕਾਰਨ ਮੀਂਹ ਪੈਣ ਦੀ ਵੀ ਸੰਭਾਵਨਾ ਹੈ। ਇਸ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਦੱਖਣੀ ਅੰਦਰੂਨੀ ਇਲਾਕੇ ਵਿੱਚ ਐਤਵਾਰ ਨੂੰ ਤਾਪਮਾਨ 46.1 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਕੈਨੇਡਾ ਵਿੱਚ ਸੱਭ ਤੋਂ ਵੱਧ ਤਾਪਮਾਨ ਦਾ ਇਹ ਨਵਾਂ ਰਿਕਾਰਡ ਹੈ। ਲਿਟਨ ਵਿੱਚ ਐਨਵਾਇਰਮੈਂਟ ਕੈਨੇਡਾ ਵੱਲੋਂ ਰਿਕਾਰਡ ਕੀਤੇ ਗਏ ਤਾਪਮਾਨ ਵਿੱਚ ਪਾਰੇ ਨੇ 1937 ਵਿੱਚ ਸਸਕੈਚਵਨ ਵਿੱਚ ਦਰਜ ਕੀਤੇ ਗਏ 45 ਡਿਗਰੀ ਸੈਲਸੀਅਸ ਦੇ ਰਿਕਾਰਡ ਨੂੰ ਵੀ ਮਾਤ ਦੇ ਦਿੱਤੀ ਹੈ।



ਪੱਛਮੀ ਕੈਨੇਡਾ ਦੇ ਬਹੁਤੇ ਹਿੱਸਿਆਂ ਵਿੱਚ ਇਸ ਸਮੇਂ ਹੀਟ ਵਾਰਨਿੰਗ ਜਾਰੀ ਹੈ ਤੇ ਵੈਦਰ ਏਜੰਸੀ ਦਾ ਕਹਿਣਾ ਹੈ ਕਿ ਬੀ ਸੀ ਵਿੱਚ ਕਈ ਥਾਂਵਾਂ ਉੱਤੇ ਤਾਪਮਾਨ ਦੇ ਕਈ ਪੁਰਾਣੇ ਰਿਕਾਰਡ ਟੁੱਟ ਰਹੇ ਹਨ। ਕੁੱਝ ਥਾਂਵਾਂ ਉੱਤੇ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਉੱਤੇ ਪਾਇਆ ਗਿਆ। ਐਨਵਾਇਰਮੈਂਟ ਕੈਨੇਡਾ ਦਾ ਮੰਨਣਾ ਹੈ ਕਿ ਮੰਗਲਵਾਰ ਤੋਂ ਤਾਪਮਾਨ ਵਿੱਚ ਕਮੀ ਆਉਣੀ ਸ਼ੁਰੂ ਹੋ ਜਾਵੇਗੀ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਹਾਈਵੇਅ 400 ਉੱਤੇ ਓਪੀਪੀ ਦੀ ਗੱਡੀ ਨਾਲ ਟਕਰਾਈ ਕਾਰ

ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਹਾਈਵੇਅ 400 ਉੱਤੇ ਪਾਰਕ ਕੀਤੀ ਗਈ ਪੁਲਿਸ ਦੀ ਐਸਯੂਵੀ ਵਿੱਚ ਕਾਰ ਵੱਲੋਂ ਟੱਕਰ ਮਾਰੇ ਜਾਣ ਕਾਰਨ ਡਰਾਈਵਰ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਇਹ ਜਾਣਕਾਰੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਵੱਲੋਂ ਦਿੱਤੀ ਗਈ। ਇੱਕ ਓਪੀਪੀ ਅਧਿਕਾਰੀ ਹਾਈਵੇਅ 400 ਦੀ ਉੱਤਰ ਵਾਲੀ ਲੇਨ ਉੱਤੇ ਕਿਸੇ ਹੋਰ ਗੱਡੀ ਦੇ ਖਰਾਬ ਹੋ ਜਾਣ ਕਾਰਨ ਉਸ ਗੱਡੀ ਵਿੱਚ ਸਵਾਰ ਵਿਅਕਤੀ ਦੀ ਮਦਦ ਕਰ ਰਿਹਾ ਸੀ। ਜਦੋਂ ਪੁਲਿਸ ਅਧਿਕਾਰੀ ਆਪਣੀ ਗੱਡੀ ਤੋਂ ਬਾਹਰ ਸੀ ਤੇ ਦੂਜੇ ਵਿਅਕਤੀ ਦੀ ਮਦਦ ਕਰ ਰਿਹਾ ਸੀ ਤਾਂ ਇੱਕ ਹੋਰ ਗੱਡੀ ਦਾ ਡਰਾਈਵਰ ਗੱਡੀ ਤੋਂ ਕੰਟਰੋਲ ਗੁਆ ਬੈਠਿਆ ਤੇ ਉਸ ਦੀ ਗੱਡੀ ਓਪੀਪੀ ਅਧਿਕਾਰੀ ਦੀ ਗੱਡੀ ਵਿੱਚ ਜਾ ਵੱਜੀ।

ਡਰਾਈਵਰ ਨੂੰ ਮਾਮੂਲੀ ਸੱਟਾਂ ਲੱਗੀਆਂ ਤੇ ਪੁਲਿਸ ਅਧਿਕਾਰੀ ਨੂੰ ਕੋਈ ਸੱਟ ਫੇਟ ਨਹੀਂ ਲੱਗੀ। ਮਾਮਲੇ ਦੀ ਜਾਂਚ ਲਈ ਪਹਿਲਾਂ ਹਾਈਵੇਅ 400 ਨੂੰ ਇਨਿਸਫਿਲ ਬੀਚ ਰੋਡ ਉੱਤੇ ਜਾਂਚ ਲਈ ਬੰਦ ਕਰ ਦਿੱਤਾ ਗਿਆ ਸੀ ਪਰ ਫਿਰ ਖੋਲ੍ਹ ਦਿੱਤਾ ਗਿਆ।

ਕੇਅਰਗੀਵਰ ਦੀ ਲੋੜ CAREGIVER NEEDED
ਸਕਾਰਬਰੋ ਦੇ ਬ੍ਰਿਮਲੀ ਤੇ ਫਿੰਚ ਏਰੀਏ ਵਿਚ ਇਕੱਲੀ ਮਾਤਾ ਦੀ ਦੇਖਭਾਲ ਲਈ ਲਿਵ-ਇਨ ਕੇਅਰਗੀਵਰ ਦੀ ਲੋੜ ਹੈ। ਰਹਿਣ ਅਤੇ ਖਾਣ ਦਾ ਪ੍ਰਬੰਧ ਹੋਵੇਗਾ। ਜਲਦੀ ਸ਼ੁਰੂ ਕਰ ਸਕਦੇ ਹੋ। ਤਨਖਾਹ ਤੇ ਹੋਰ ਜਾਣਕਾਰੀ ਲਈ ਟੈਕਸਟ ਜ਼ਾਂ ਕਾਲ ਕਰੋ:



Mature, Caregiver needed for elderly mom in Scarborough Brimley/ Finch area. Includes free meals & accomodation. Price is negotiable.
Harmeet: 416-845-0905

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM

KULWINDERCHHINA
BROKER
647.293.2327



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਪੰਜਾਬੀ ਪੋਸਟ

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7", ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਪੀਜ਼ਾ ਡਿਲੀਵਰੀ ਡਰਾਇਵਰਾਂ ਦੀ ਲੋੜ

MAPLE ਵਿਚ ਇਕ ਬਿਜ਼ੀ ਪੀਜ਼ਾ ਸਟੋਰ ਲਈ ਡਿਲੀਵਰੀ ਡਰਾਇਵਰਾਂ ਦੀ ਤੁਰੰਤ ਲੋੜ ਹੈ। ਇਹ ਫੁਲ ਟਾਈਮ ਜੌਬ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਸਟੋਰ ਅੰਦਰ ਕੰਮ ਕਰਨ ਵਾਸਤੇ ਲੇਡੀ ਵਰਕਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ 11 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।

**ਸੰਪਰਕ: 6477043799, 6477059736**

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL
Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

## WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010

## A/Z CITY DRIVER WANTED

INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

**ਸੰਪਰਕ: 647-391-3365**

## ਲੈਂਡਸਕੇਪ ਕਾਮਿਆਂ ਦੀ ਲੋੜ

WORK MATCH INC.
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
* ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
* ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
* ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।

ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

# ਡਾਕ ਚੋਰੀ ਕਰਨ ਵਾਲੇ ਗਿਰੋਹ ਦੇ 16 ਮੈਂਬਰ ਗ੍ਰਿਫਤਾਰ

ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਪੀਲ ਰੀਜਨ ਵਿੱਚ ਮੇਲ (ਡਾਕ) ਚੋਰੀ ਕਰਨ ਦੇ ਮਾਮਲੇ ਵਿੱਚ ਪੁਲਿਸ ਨੇ 16 ਤੋਂ ਵੀ ਵੱਧ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਕਈ ਹਫਤਿਆਂ ਤੱਕ ਚੱਲੀ ਜਾਂਚ ਤੋਂ ਬਾਅਦ ਇਨ੍ਹਾਂ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਿਸ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਅਜੇ ਹੋਰ ਗ੍ਰਿਫਤਾਰੀਆਂ ਹੋ ਸਕਦੀਆਂ ਹਨ।

ਪੁਲਿਸ ਨੇ ਆਖਿਆ ਕਿ ਜਨਵਰੀ ਤੋਂ ਅਪਰੈਲ ਦਰਮਿਆਨ ਮੇਲ ਚੋਰੀ ਹੋਣ ਦੀਆਂ 100 ਤੋਂ ਵੱਧ ਲਿਖਾਈਆਂ ਗਈਆਂ ਰਿਪੋਰਟਾਂ ਤੋਂ ਬਾਅਦ ਪਿਛਲੇ ਮਹੀਨੇ ਉਨ੍ਹਾਂ ਨੇ ਕੈਨੇਡਾ ਪੋਸਟ ਦੇ ਸਹਿਯੋਗ ਨਾਲ ਕਈ ਇਲਾਕਿਆਂ ਵਿੱਚ ਜਾਂਚ ਸ਼ੁਰੂ ਕੀਤੀ ਸੀ। ਇਹ ਪਾਇਆ ਗਿਆ ਕਿ ਬਰੈਂਪਟਨ ਵਿੱਚ ਰਹਿਣ ਵਾਲਾ ਇੱਕ ਗਰੁੱਪ ਇਸ ਪਾਸੇ ਕਾਫੀ ਸਰਗਰਮ ਹੈ। ਉਨ੍ਹਾਂ ਦੱਸਿਆ ਕਿ ਜਾਂਚਕਾਰਾਂ ਦਾ ਮੰਨਣਾ ਹੈ ਕਿ ਕੁੱਝ ਲੋਕਾਂ ਵੱਲੋਂ ਕੈਨੇਡਾ ਪੋਸਟ ਦੇ ਮੇਲਬੌਕਸਿਜ਼ ਨੂੰ ਤੋੜ ਕੇ ਜਾਂ ਫਿਰ ਘਰਾਂ ਦੇ ਮੇਲਬੌਕਸ ਤੋੜ ਕੇ ਇਹ ਮੇਲ ਚੋਰੀ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਇਹ ਲੋਕ ਚੈੱਕ, ਕ੍ਰੈਡਿਟ ਕਾਰਡਜ਼ ਤੇ ਪਛਾਣ ਸਬੰਧੀ ਦਸਤਾਵੇਜ਼ਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਸਨ ਤੇ ਪਹਿਲਾਂ ਉਨ੍ਹਾਂ ਦਸਤਾਵੇਜ਼ਾਂ ਵਿੱਚ ਫੇਰਬਦਲ ਕਰਕੇ ਤੇ ਚੋਰੀ ਦੇ ਚੈੱਕ ਵੱਖ ਵੱਖ ਬੈਂਕਾਂ ਵਿੱਚ ਜਮ੍ਹਾਂ ਕਰਵਾਉਣ ਤੋਂ ਬਾਅਦ ਹੀ ਉਨ੍ਹਾਂ ਨੂੰ ਕਢਵਾਉਂਦੇ ਸਨ। ਪੁਲਿਸ ਨੇ ਇਨ੍ਹਾਂ ਮਸ਼ਕੂਕਾਂ ਨੂੰ 19 ਮਈ ਤੋਂ ਗ੍ਰਿਫਤਾਰ ਕਰਨਾ ਸ਼ੁਰੂ ਕੀਤਾ ਤੇ ਉਨ੍ਹਾਂ ਦੀ ਜਾਂਚ 16 ਤੇ 17 ਜੂਨ ਨੂੰ ਉਸ ਸਮੇਂ ਮੁੱਕੀ ਜਦੋਂ ਉਨ੍ਹਾਂ ਦੋ ਸਰਚ ਵਾਰੰਟ ਕਢਵਾ ਕੇ ਬਰੈਂਪਟਨ ਸਥਿਤ ਘਰਾਂ ਦੀ ਤਲਾਸ਼ੀ ਲਈ। ਇਨ੍ਹਾਂ ਘਰਾਂ ਤੋਂ ਪੁਲਿਸ ਨੂੰ ਮੇਲ ਦੇ ਕਈ ਪੀਸ ਮਿਲੇ ਜਿਨ੍ਹਾਂ ਵਿੱਚੋਂ ਕਈ ਚੋਰੀ ਦੇ ਸਨ ਤੇ ਕਈ ਚੋਰੀ ਹੋਏ ਜਾਂ ਸੋਧੇ ਗਏ ਚੈੱਕ ਸਨ।




ਪੁਲਿਸ ਨੂੰ ਇੱਥੋਂ ਜਾਅਲੀ ਦਸਤਾਵੇਜ਼ ਬਣਾਉਣ ਵਾਲੇ ਕੁੱਝ ਟੂਲਜ਼ ਵੀ ਮਿਲੇ। ਅੱਜ ਤੱਕ ਇਸ ਸਬੰਧ ਵਿੱਚ 16 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ ਤੇ ਉਨ੍ਹਾਂ ਨੂੰ ਸਾਂਝੇ ਤੌਰ ਉੱਤੇ 140 ਮਾਮਲਿਆਂ ਦਾ ਸਾਹਮਣਾ ਕਰਨਾ ਹੋਵ-ੇਗਾ, ਜਿਸ ਵਿੱਚ ਮੇਲ ਦੀ ਚੋਰੀ, 5000 ਡਾਲਰ ਤੋਂ ਵੱਧ ਦਾ ਫਰਾਡ ਤੇ ਪਛਾਣ ਚੋਰੀ ਕਰਨ ਦੇ ਮਾਮਲੇ ਵੀ ਸ਼ਾਮਲ ਹਨ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ ਤੇ ਕਈ ਹੋਰ ਗ੍ਰਿਫਤਾਰੀਆਂ ਕੀਤੀਆਂ ਜਾ ਸਕਦੀਆਂ ਹਨ।

# ਕਰੇਨ ਤੋਂ ਛੁੱਟ ਕੇ ਡਿੱਗੀ ਖਿੜਕੀ ਕਾਰਨ ਵਿਅਕਤੀ ਦੀ ਹੋਈ ਮੌਤ

ਟੋਰਾਂਟੋ, 1 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਸੋਮਵਾਰ ਸਵੇਰੇ ਯੌਰਕ ਯੂਨੀਵਰਸਿਟੀ ਦੇ ਨੇੜੇ ਵਾਪਰੇ ਇੱਕ ਇੰਡਸਟਰੀਅਲ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।



ਇਹ ਹਾਦਸਾ ਦ ਪੌਂਡ ਰੋਡ ਤੇ ਜੇਮਜ਼ ਜਿਲੀਜ਼ ਸਟਰੀਟ ਇਲਾਕੇ ਵਿੱਚ ਸਵੇਰੇ 11:11 ਵਜੇ ਵਾਪਰਿਆ। ਪੁਲਿਸ ਨੇ ਦੱਸਿਆ ਕਿ ਇੱਕ ਕਰੇਨ ਖਿੜਕੀ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾ ਰਹੀ ਸੀ ਜਦੋਂ ਕਰੇਨ ਤੋਂ ਛੁੱਟ ਕੇ ਖਿੜਕੀ ਹੇਠਾਂ ਖੜ੍ਹੇ ਇੱਕ ਵਿਅਕਤੀ ਉੱਤੇ ਜਾ ਡਿੱਗੀ। ਪੁਲਿਸ ਨੇ ਦੱਸਿਆ ਕਿ ਉਸ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ।

ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਉਹ ਵਿਅਕਤੀ ਕੰਸਟ੍ਰਕਸ਼ਨ ਸਾਈਟ ਉੱਤੇ ਕੰਮ ਕਰਨ ਵਾਲਾ ਕੋਈ ਮੁਲਾਜ਼ਮ ਸੀ ਜਾਂ ਕੋਈ ਰਾਹਗੀਰ ਸੀ। ਇਸ ਮਾਮਲੇ ਦੀ ਜਾਂਚ ਕਰਨ ਲਈ ਲੇਬਰ ਮੰਤਰਾਲੇ ਨੂੰ ਅਪੀਲ ਕੀਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਆਉਣ ਵਾਲੇ ਕੁੱਝ ਘੰਟਿਆਂ ਲਈ ਇਸ ਇਲਾਕੇ ਵਿੱਚ ਟਰੈਫਿਕ ਡਿਲੇਅ ਹੋ ਸਕਦਾ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com


# ਹੰਟਸਵਿੱਲ ਵਿੱਚ ਡੁੱਬਣ ਕਾਰਨ ਦੋ ਵਿਅਕਤੀਆਂ ਦੀ ਮੌਤ, ਇੱਕ ਹਸਪਤਾਲ ਦਾਖਲ

ਓਨਟਾਰੀਓ, 1 ਜੁਲਾਈ (ਪੋਸਟ ਬਿਊਰੋ) : ਹੰਟਸਵਿੱਲ, ਓਨਟਾਰੀਓ ਵਿੱਚ ਪਾਣੀ ਵਿੱਚ ਡੁੱਬ ਜਾਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਇੱਕ ਨੂੰ ਹਸਪਤਾਲ ਭਰਤੀ ਕਰਵਾਉਣਾ ਪਿਆ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਐਤਵਾਰ ਨੂੰ ਪੋਰਟ ਸਿਡਨੀ ਵਿੱਚ ਤਿੰਨ ਵਿਅਕਤੀਆਂ ਦੇ ਪਾਣੀ ਵਿੱਚ ਡੁੱਬਣ ਤੋਂ ਬਾਅਦ ਦੁਪਹਿਰੇ 2:00 ਵਜੇ ਦੇ ਨੇੜੇ ਤੇੜੇ ਪਾਣੀ ਵਿੱਚ ਡੁੱਬੇ ਵਿਅਕਤੀਆਂ ਦੀ ਭਾਲ ਦਾ ਕੰਮ ਸ਼ੁਰੂ ਕੀਤਾ ਗਿਆ। ਇਹ ਭਾਲ ਇੱਕ ਘੰਟੇ ਤੱਕ ਚੱਲੀ, ਜਿਸ ਤੋਂ ਬਾਅਦ ਪੁਲਿਸ ਨੂੰ ਦੋ ਲਾਪਤਾ ਪੁਰਸ਼ ਮਿਲ ਗਏ। 22 ਸਾਲਾ ਵਿਅਕਤੀ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ ਜਦਕਿ 23 ਸਾਲਾ ਵਿਅਕਤੀ ਨੂੰ ਏਅਰ ਐਂਬੂਲੈਂਸ ਰਾਹੀਂ ਲੋਕਲ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।




ਓਪੀਪੀ ਦੀ ਅੰਡਰਵਾਟਰ ਸਰਚ ਤੇ ਰਿਕਵਰੀ ਯੂਨਿਟ ਨੂੰ ਤੀਜਾ 20 ਸਾਲਾ ਵਿਅਕਤੀ ਵੀ ਮਿਲ ਗਿਆ ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਨ੍ਹਾਂ ਤਿੰਨਾਂ ਦੇ ਨਾਂਵਾਂ ਦੀ ਜਾਣਕਾਰੀ ਅਜੇ ਜਾਰੀ ਨਹੀਂ ਕੀਤੀ ਗਈ ਹੈ। ਪੁਲਿਸ ਵੱਲੋਂ ਲੋਕਾਂ ਨੂੰ ਨਿਜੀ ਫਲੋਟੇਸ਼ਨ ਡਿਵਾਇਸਿਜ਼ ਪਾਉਣ ਦੀ ਤੇ ਕਦੇ ਵੀ ਇੱਕਲੇ ਤੈਰਾਕੀ ਨਾ ਕਰਨ ਦੀ ਸਲਾਹ ਦਿੱਤੀ ਗਈ ਹੈ।


**Great Invetsment Opportunity**

**In The Region of Timminis,ON**


**8 ACRE OF lAND CAN BE SEVERD IN TWO LOTS OF 4 ACRE**

**Apartment Building For Sale:**

4 units 3 bedroom | 2 units 1 bedroom | 1 unit bachelor








**For More Details Call: 416-970-5005/647-242-8667**



Jas Toor
Sales Representative
Sutton Group-Realty Experts
Brokerage*

Jagdish Grewal
Sales Representative
President Realty Inc.
Brokerage*



# ਓਨਟਾਰੀਓ ਭਰ ਵਿੱਚ ਲੱਖਾਂ ਲੋਕਾਂ ਦੇ ਕੋਵਿਡ-19 ਦੇ ਵੈਕਸੀਨ ਲੱਗ ਚੁੱਕੇ ਹਨ।


## ਆਪਣਾ ਯੋਗਦਾਨ ਪਾਉ। ਆਪਣਾ ਵੈਕਸੀਨ ਲਵਾਉ।

ਹੈਲਥ ਕੈਨੇਡਾ ਵੱਲੋਂ ਪ੍ਰਵਾਨਿਤ ਵੈਕਸੀਨ ਹਸਪਤਾਲਾਂ, ਡਾਕਟਰਾਂ ਦੇ ਦਫਤਰਾਂ, ਫਾਰਮੇਸੀਆਂ ਅਤੇ ਵੈਕਸੀਨ ਲਾਉਣ ਵਾਲੀਆਂ ਜਨਤਕ ਥਾਂਵਾਂ 'ਤੇ ਉਪਲਬਧ ਹਨ। ਅਤੇ ਹਰ ਇਕ ਖੁਰਾਕ ਸਾਨੂੰ ਉਨ੍ਹਾਂ ਚੀਜ਼ਾਂ ਦੇ ਨੇੜੇ ਲਿਆਉਂਦੀ ਹੈ, ਜਿਨ੍ਹਾਂ ਦਾ ਅਸੀਂ ਹੇਰਵਾ ਕਰਦੇ ਹਾਂ।

ਅੱਜ ਹੀ **ontario.ca/bookvaccine** 'ਤੇ ਜਾ ਕੇ ਆਪਣੀ ਅਪੁਆਇੰਟਮੈਂਟ ਬੁੱਕ ਕਰੋ ਜਾਂ 300 ਬੋਲੀਆਂ ਵਿੱਚ ਸਹਾਇਤਾ ਲਈ **1-888-999-6488** 'ਤੇ ਕਾਲ ਕਰੋ।

ਇਸ ਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।

Ontario

**Dr. Randhawa Dentistry**

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist


New Patients welcome
Deal Directly with all Insurance Companies

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044







ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866
31 Melanie Dr. Unit #4 Brampton, ON L6T 5H8




CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




COTTRELLE/HWY50
ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈੱਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈੱਡਰੂਮ ਦੀ ਫਿਨਿਸ਼ਿਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਉਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ




SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੁਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



ਪੰਜਾਬੀ ਪੋਸਟ
Canadian Punjabi Post



Wishing You A Very
HAPPY CANADA DAY

Residential | Commercial | Investment

Century 21 President Realty Inc Brokerage*
Independently Owned and Operated

JAGDISH GREWAL
Sales Representative
416 970 5005




Happy
Canada Day
Maninder Sidhu, MP
Member of Parliament
Brampton East
/ManinderSidhuLib
/ManinderSidhuLib
Suite 204, 1 Gateway Blvd. Brampton, ON L6T 0G3 | 905.458.1474


ASIAN FOOD CENTRE
www.AsianFoodCentre.com
Canada Day SALE
24TH JUNE TO 4TH JULY 2021
Fresh Fruits, Vegetables, Indian & Canadian Grocery
$5.99 EA REG.$9.99 DEEP WHOLE WHEAT ATTA
$10.99 EA REG.$11.99 AASHIRVAAD SELECT ATTA
$7.99 EA REG.$9.99 HERO ATTA 20LB
$9.99 EA REG.$10.99 TAJ ATTA
$1.79 1G REG.$2.99 SAFFRON
$8.99 8LB REG.$10.99 ASIAN BASMATI RICE
$8.99 10LB REG.$10.99 INDIA GATE ROZANNA RICE
$7.99 10LB REG.$10.99 AFC DIAMOND RICE
$10.99 4KG REG.$12.99 DAAWAT BASMATI RICE
$10.99 8.8LB REG.$12.99 817 EXCEL RICE
$8.99 10LB REG.$10.99 VERKA BROWN SUGAR
$6.99 8 LB REG.$8.99 BANSI BROWN SUGAR
$3.99 750ML REG.$5.99 KTC MUSTARD OIL
$1.99 1 LTR REG.$ 2.49 APPY FIZZ
$3.49 800G REG.$4.49 PACHRANGA FOODS MIX PICKLE
$1.99 +TAX REG.$2.99 SURATI SNACKS
$9.99 216 BAGS REG.$11.99 TETLEY TEA
$13.99 1.8 KG REG.$15.99 RED LABEL TEA
$3.99 EA REG.$ 4.49 QUIK INSTANT TEA
$3.49 1.18L REG.$ 4.49 MAZOLA CANOLA/VEG OIL
$1.99 250G REG.$2.99 HALDIRAM SOAN PAPDI
$12.99 20LB REG.$14.99 UDUPI SONA MASOORI
$2.99 500ML REG.$3.99 DABUR MUSTARD OIL
$2.99 1KG REG.$3.99 AFC LAUNDRY SOAP
$3.49 800G REG.$4.49 PAKISTANI ROOHAFZA
$1.29 400G REG.$1.99 EMIRATES NEST PASTA
$4.99 800GM REG.$5.99 POPULAR SOYA CHAAP
$1.79 (305 GM)EA REG.$1.99 BRITANNIA MILK & WHEAT RUSK
$2.99 560GM REG.$3.99 BRITANNIA MILK RUSK
$3.99 1L REG.$ 5.79 HEINZ TOMATO KETCHUP
$3.99 500ML REG.$ 5.99 KTC COCONUT OIL
$5.99 8LB REG.$8.99 QUALITY IDLI RICE
$2.99 4LB REG.$3.99 RED LENTIL
$3.49 4LB REG.$4.49 BLACK CHANA
$0.79 300G REG.$1.29 PARLE-G
$1.59 100G REG.$2.29 MDH BAINGAN BHARTAA
$0.99 1KG REG.$1.49 MR. GOUDAS SALT
3 FOR $2 75GM REG.$2.99 BRITANNIA GOOD DAY
$2.79 600G REG.$3.49 BRITANNIA MARIE GOLD
$1.49 796GM REG.$1.79 MR GOUDAS CHICK PEAS
$3.29 EA REG.$4.99 BIKANERI GOLGAPPE
$3.99 EA REG.$4.99 DEEP PICKLE
$1.49 1L REG.$1.99 FROOTI MANGO DRINK
$1.49 540ML REG.$1.99 MR.GOUDAS RED KIDNEY BEANS
$1.49 600G BRITTANIA TIGER GLUCOSE BISCUIT
$0.99 EA REG.$2.99 HALDIRAM READY TO EAT
$2.79 900G REG.$3.49 MTR VERMICELLI
$4.99 2.5LB REG.$5.99 GOLDEN COOKIES
$4.99 1.7 KG REG.$6.99 FROZEN PEAS
4 FOR $1 75GM REG.$0.59 EA YIPPEE MASALA NOODLES
$0.99 400G REG.$1.79 PRAN PUFFED RICE
$1.99 375G REG.$2.49 PRAN JAM
$13.99 24X250ML REG.$15.99 PRAN ASST JUICE
$2.99 EA REG.$3.49 DEEP DAHI VADA
$2.29 1500ML REG.$ 2.99 PRAN FROOTO JUICE
$4.99 2.5LB REG.$ 5.99 BIKANERI COOKIES
$6.99 EA REG.$7.99 DAWN PLAIN PARATHA
$2.69 EA REG.$2.99 SHANA PARATHA
$1.29 EA REG.$1.79 SANTOSH NAAN
$1.49 400G REG.$1.99 MIRCH M ASST PARATHA
$5.99 25PC REG.$6.99 POPULAR PARATHA
$1.29 250G REG.$ 1.79 PRAN FLATTENED RICE (POHA)
$1.29 (340G) EA CIAN FRESH CUT VEGETABLES
SAMBHAR MIX, BITTER GUARD, CAULIFLOWER, DRUMSTICKS, GREEN BEANS, PUMPKIN CHUNKS
$0.99 (340G) EA CIAN FRESH CUT VEGETABLES
CUT OKRA, WHOLE OKRA, SPINACH, GREEN PEAS, CARROT DICE
$2.29 300G REG.$ 3.29 PRAN ASST CHUTNEY
$2.29 50GM LG HING POWDER
ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109 MEAT SHOP AVAILABLE
BRAMPTON 10510 Torbram Rd. 905-790-0030
BRAMPTON 10 Pannahill Dr. 905-913-8017 MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media